**ਭਾਗ I**

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਕ ਕਾਰ-ਵਿਹਾਰ ਵਿਭਾਗ, ਪੰਜਾਬ

**ਨੋਟੀਫਿਕੇਸ਼ਨ**

ਮਿਤੀ: 12 ਫਰਵਰੀ, 2015

**ਨੰਬਰ 5-ਲੀਗਲ/2015.**— ਪੰਜਾਬ ਰਾਜ ਦੀ ਵਿਧਾਨ ਸਭਾ ਵੱਲੋਂ ਬਣਾਇਆ ਗਿਆ ਹੇਠ ਲਿਖਿਆ ਐਕਟ, ਜਿਸ ਨੂੰ 16 ਜਨਵਰੀ, 2015 ਨੂੰ ਪੰਜਾਬ ਦੇ ਰਾਜਪਾਲ ਦੀ ਮਨਜ਼ੂਰੀ ਪ੍ਰਾਪਤ ਹੋਈ, ਆਮ ਜਾਣਕਾਰੀ ਲਈ ਇੱਥੇ ਪ੍ਰਕਾਸ਼ਿਤ ਕੀਤਾ ਜਾਂਦਾ ਹੈ:-

# ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ ਐਕਟ, 2014

(ਪੰਜਾਬ ਐਕਟ ਨੰਬਰ 5 ਸਨ 2015)

**ਇੱਕ**

**ਐਕਟ**

*ਪੰਜਾਬ ਰਾਜ ਵਿੱਚ ਤਕਨੀਕੀ ਸਿੱਖਿਆ ਦੇ ਉਨ੍ਹਤੀਕਰਨ ਅਤੇ ਉਸ ਦੇ ਵਿਕਾਸ ਲਈ ਇੱਕ ਯੂਨੀਵਰਸਿਟੀ ਦੀ ਸਥਾਪਨਾ ਅਤੇ ਨਿਗਮਿਤ ਕਰਨ ਦੀ ਵਿਵਸਥਾ ਕਰਨ ਅਤੇ ਉਸ ਨਾਲ ਸੰਬੰਧਿਤ ਜਾਂ ਉਸ ਤੋਂ ਅਨੁਸੰਗੀ ਮਾਮਲਿਆਂ ਲਈ।*

ਭਾਰਤ ਗਣਰਾਜ ਦੇ 65ਵੇਂ ਵਰ੍ਹੇ ਵਿੱਚ ਪੰਜਾਬ ਰਾਜ ਦੀ ਵਿਧਾਨ ਸਭਾ ਵੱਲੋਂ ਇਸ ਪ੍ਰਕਾਰ ਐਕਟ ਬਣਾਇਆ ਗਿਆ ਹੈ, ਅਰਥਾਤ:-

**1.** (1) ਇਸ ਐਕਟ ਨੂੰ ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ ਐਕਟ, 2014 ਕਿਹਾ ਜਾਵੇਗਾ। ਸੰਖੇਪ ਨਾਂ ਅਤੇ ਆਰੰਭ।

(2) ਇਹ ਐਕਟ ਸਰਕਾਰੀ ਗਜ਼ਟ ਵਿੱਚ ਇਸ ਦੀ ਪ੍ਰਕਾਸ਼ਨਾ ਦੀ ਮਿਤੀ ਤੋਂ ਨਾਫ਼ਜ਼ ਅਤੇ ਪ੍ਰਭਾਵੀ ਹੋਵੇਗਾ।

**2.** ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ, - ਪਰਿਭਾਸ਼ਾਵਾਂ।

(ੳ) "ਅਕਾਦਮਿਕ ਕੌਂਸਲ" ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ ਹੈ;

(ਅ) "ਅਥਾਰਟੀਆਂ" ਤੋਂ ਭਾਵ ਯੂਨੀਵਰਸਿਟੀ ਦੀਆਂ ਅਥਾਰਟੀਆਂ ਹੈ;

(ੲ) "ਬੋਰਡ" ਤੋਂ ਭਾਵ ਯੂਨੀਵਰਸਿਟੀ ਦੇ ਗਵਰਨਰਾਂ ਦਾ ਬੋਰਡ ਹੈ;

(ਸ) "ਚੇਅਰਮੈਨ" ਤੋਂ ਭਾਵ ਬੋਰਡ ਦਾ ਚੇਅਰਮੈਨ ਹੈ;

(ਹ) "ਚਾਂਸਲਰ" ਤੋਂ ਭਾਵ ਯੂਨੀਵਰਸਿਟੀ ਦਾ ਚਾਂਸਲਰ ਹੈ;

(ਕ) "ਕਾਲਜ" ਤੋਂ ਭਾਵ ਉਹ ਕਾਲਜ ਜਾਂ ਸੰਸਥਾ ਹੈ ਜੋ ਇਸ ਐਕਟ ਅਧੀਨ ਯੂਨੀਵਰਸਿਟੀ ਵੱਲੋਂ ਚਲਾਈ ਜਾਂਦੀ ਹੋਵੇ ਜਾਂ ਜਿਸਨੂੰ ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋਣ;

(ਖ) "ਡੀਨ" ਤੋਂ ਭਾਵ ਯੂਨੀਵਰਸਿਟੀ ਦਾ ਡੀਨ ਹੈ;

(ਗ) "ਫੈਕਲਟੀ" ਤੋਂ ਭਾਵ ਯੂਨੀਵਰਸਿਟੀ ਦੀ ਫੈਕਲਟੀ ਹੈ;

(ਘ) "ਮੈਂਬਰ" ਤੋਂ ਭਾਵ ਇਸ ਐਕਟ ਅਧੀਨ ਸਥਾਪਿਤ ਬੋਰਡ ਦਾ ਮੈਂਬਰ ਹੈ ਅਤੇ ਇਸ ਵਿੱਚ ਉਸ ਦਾ ਚੇਅਰਮੈਨ ਵੀ ਸ਼ਾਮਲ ਹੈ;

(ਙ) "ਪ੍ਰਿੰਸਿਪਲ" ਤੋਂ ਭਾਵ ਹੈ ਕਿਸੇ ਕਾਲਜ ਦਾ ਮੁਖੀ (ਭਾਵੇਂ ਉਸਨੂੰ ਕਿਸੇ ਵੀ ਨਾਮ ਨਾਲ ਸੱਦਿਆ ਜਾਵੇ) ਅਤੇ ਇਸ ਵਿੱਚ, ਜਦੋਂ ਪ੍ਰਿੰਸਿਪਲ ਨਾ ਹੋਵੇ, ਉਹ ਵਿਅਕਤੀ ਵੀ ਸ਼ਾਮਲ ਹੈ ਜੋ ਉਸ ਸਮੇਂ ਲਈ ਕਾਨੂੰਨੀ ਤੌਰ 'ਤੇ ਪ੍ਰਿੰਸਿਪਲ ਵਜੋਂ ਕੰਮ ਕਰਨ ਲਈ ਨਿਯੁਕਤ ਕੀਤਾ ਗਿਆ ਹੋਵੇ, ਅਤੇ ਪ੍ਰਿੰਸਿਪਲ ਜਾਂ ਕਾਰਜਕਾਰੀ ਪ੍ਰਿੰਸਿਪਲ ਦੀ ਗੈਰਹਾਜ਼ਰੀ ਵਿੱਚ, ਢੰਗ ਨਾਲ ਨਿਯੁਕਤ ਵਾਈਸ-ਪ੍ਰਿੰਸਿਪਲ ਵੀ ਸ਼ਾਮਲ ਹੈ;

(ਚ) "ਰਜਿਸਟ੍ਰਾਰ" ਤੋਂ ਭਾਵ ਯੂਨੀਵਰਸਿਟੀ ਦਾ ਰਜਿਸਟ੍ਰਾਰ ਹੈ;

(ਛ) "ਵਿਨਿਯਮਾਂ" ਤੋਂ ਭਾਵ ਇਸ ਐਕਟ ਅਧੀਨ ਬਣਾਈ ਗਈ ਯੂਨੀਵਰਸਿਟੀ ਦੀ ਵਿਨਿਯਮਾਂ ਤੋਂ ਹੈ;

(ਜ) "ਧਾਰਾ" ਤੋਂ ਭਾਵ ਇਸ ਐਕਟ ਦੀ ਧਾਰਾ ਹੈ;

(ਝ) "ਰਾਜ ਸਰਕਾਰ" ਤੋਂ ਭਾਵ ਪੰਜਾਬ ਰਾਜ ਦੀ ਸਰਕਾਰ ਹੈ;

(ਞ) "ਪ੍ਰਵਿਧਾਨਾਂ" (ਸਟੈਚਿਊਟਸ)" ਤੋਂ ਭਾਵ ਯੂਨੀਵਰਸਿਟੀ ਦੇ ਪ੍ਰਵਿਧਾਨ ਹੈ;

(ਟ) "ਤਕਨੀਕੀ ਸਿੱਖਿਆ" ਤੋਂ ਭਾਵ ਇੰਜੀਨੀਅਰਿੰਗ ਟੈਕਨੋਲੋਜੀਜ਼, ਵਿਗਿਆਨ, ਪ੍ਰਬੰਧ, ਮਾਨਵਿਕੀ ਵਿਸ਼ੇ, ਫਾਰਮੇਸੀ, ਸਮਾਜਿਕ ਵਿਗਿਆਨ ਅਤੇ ਵਾਸਤੁਕਲਾ ਦੇ ਵਿਸ਼ਿਆਂ ਵਿੱਚ ਸਿੱਖਿਆ ਅਤੇ ਉਹ ਹੋਰ ਵਿਸ਼ੇ ਹਨ, ਜਿਹੜੇ ਰਾਜ ਸਰਕਾਰ ਵੱਲੋਂ ਸਮੇਂ-ਸਮੇਂ ਉਚਿਤ ਸਮਝੇ ਜਾਣ;

(ਠ) "ਯੂਨੀਵਰਸਿਟੀ" ਤੋਂ ਭਾਵ ਇਸ ਐਕਟ ਅਧੀਨ ਨਿਗਮਤ ਕੀਤੀ ਗਈ ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਹੈ;

(ਡ) "ਵਾਈਸ-ਚੇਅਰਮੈਨ" ਤੋਂ ਭਾਵ ਬੋਰਡ ਦਾ ਵਾਈਸ-ਚੇਅਰਮੈਨ ਹੈ; ਅਤੇ

(ਢ) "ਵਾਈਸ-ਚਾਂਸਲਰ" ਤੋਂ ਭਾਵ ਯੂਨੀਵਰਸਿਟੀ ਦਾ ਵਾਈਸ-ਚਾਂਸਲਰ ਹੈ।

ਯੂਨੀਵਰਸਿਟੀ ਦੀ ਨਿਗਮਤੀ।

**3.** (1) ਯੂਨੀਵਰਸਿਟੀ ਦੇ ਪਹਿਲੇ ਚਾਂਸਲਰ ਅਤੇ ਪਹਿਲੇ ਵਾਈਸ-ਚਾਂਸਲਰ ਅਤੇ ਬੋਰਡ ਅਤੇ ਅਕਾਦਮਿਕ ਕੌਂਸਲ ਦੇ ਪਹਿਲੇ ਮੈਂਬਰ, ਅਤੇ ਉਹ ਸਾਰੇ ਵਿਅਕਤੀ ਜੋ ਅਗੇਤੋਂ ਇਸ ਪ੍ਰਕਾਰ ਦੇ ਅਧਿਕਾਰੀ ਜਾਂ ਮੈਂਬਰ ਬਣਨ, ਜਦ ਤੱਕ ਉਹ ਅਜਿਹਾ ਅਹੁਦਾ ਜਾਂ ਮੈਂਬਰਸ਼ਿਪ ਧਾਰਨ ਕਰਦੇ ਰਹਿਣਗੇ, ਸਭ ਮਿਲ ਕੇ "ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ, ਬਠਿੰਡਾ" ਦੇ ਨਾਮ ਹੇਠ ਇੱਕ ਨਿਗਮਤ ਬਾਡੀ (ਬਾਡੀ ਕਾਰਪੋਰੇਟ) ਬਣਾਉਣਗੇ।

(2) ਯੂਨੀਵਰਸਿਟੀ ਦਾ ਸਦੀਵੀ ਉਤਰਾਧਿਕਾਰ ਹੋਵੇਗਾ ਅਤੇ ਇੱਕ ਸਾਂਝੀ ਮੋਹਰ ਹੋਵੇਗੀ ਅਤੇ ਉਸਨੂੰ ਸੰਪਤੀ ਪ੍ਰਾਪਤ ਕਰਨ, ਰੱਖਣ ਅਤੇ ਵੇਚਣ, ਕਰਾਰ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ 'ਤੇ ਦਾਵਾ ਕੀਤਾ ਜਾ ਸਕੇਗਾ।

(3) ਯੂਨੀਵਰਸਿਟੀ ਦਾ ਮੁੱਖ ਦਫ਼ਤਰ ਬਠਿੰਡਾ ਵਿਖੇ ਹੋਵੇਗਾ।

4. ਯੂਨੀਵਰਸਿਟੀ ਹੇਠ ਲਿਖੇ ਕਾਰਜ ਨਿਭਾਏਗੀ, ਅਰਥਾਤ:- ਯੂਨੀਵਰਸਿਟੀ ਦੀਆਂ ਸ਼ਕਤੀਆਂ ਅਤੇ ਕਾਜਕਾਰ।

(ੳ) ਤਕਨੀਕੀ ਸਿੱਖਿਆ ਵਿੱਚ ਸਿੱਖਿਆ ਅਤੇ ਅਧਿਆਪਨ ਅਤੇ ਖੋਜ ਪ੍ਰਦਾਨ ਕਰਨ, ਉਨ੍ਹਾਂ ਨੂੰ ਉੱਚਾ ਚੁੱਕਣ ਅਤੇ ਉਨ੍ਹਾਂ ਦੇ ਪ੍ਰਚਾਰ ਲਈ ਪ੍ਰਬੰਧ ਕਰਨਾ ਅਤੇ ਉਦਯੋਗ ਨਾਲ ਨੇੜੀ ਸਾਂਝ ਰਾਹੀਂ ਤਕਨੀਕੀ ਸਿੱਖਿਆ ਦੀ ਪ੍ਰਾਪਤੀ ਲਈ ਉਦਯੋਗਪਤੀਤਾ ਅਤੇ ਅਨੁਕੂਲ ਵਾਤਾਵਰਣ ਸਿਰਜਣਾ;

(ਅ) ਸਲਾਹਕਾਰ ਸੇਵਾਵਾਂ, ਜਾਂਚ ਸੇਵਾਵਾਂ, ਲਗਾਤਾਰ ਸਿੱਖਿਆ ਕਾਰਜਕ੍ਰਮਾਂ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਹਿਯੋਗ ਅਤੇ ਬੌਧਿਕ ਸੰਪਤਾ ਅਧਿਕਾਰਾਂ ਦੇ ਹਸਤਾਂਤਰਣ ਰਾਹੀਂ ਸਰੋਤ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਕਾਇਮ ਰੱਖਣਾ;

(ੲ) ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਅਕਾਦਮਿਕ ਸਨਮਾਨ ਸਥਾਪਿਤ ਕਰਨਾ ਅਤੇ ਪ੍ਰਦਾਨ ਕਰਨਾ;

(ਸ) ਪ੍ਰੀਖਿਆਵਾਂ ਕਰਵਾਉਣਾ ਅਤੇ ਉਹਨਾਂ ਵਿਅਕਤੀਆਂ ਨੂੰ ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਸਨਮਾਨ ਪ੍ਰਦਾਨ ਕਰਨਾ, —

(i) ਜਿਨ੍ਹਾਂ ਨੇ ਯੂਨੀਵਰਸਿਟੀ ਜਾਂ ਇਸ ਦੇ ਕਿਸੇ ਕਾਲਜ ਵਿੱਚ ਅਧਿਐਨ ਕੋਰਸ ਕੀਤਾ ਹੋਵੇ, ਜਦ ਤੱਕ ਕਿ ਵਿਨਿਯਮਾਂ ਅਨੁਸਾਰ ਛੂਟ ਨਾ ਦਿੱਤੀ ਗਈ ਹੋਵੇ, ਅਤੇ ਯੂਨੀਵਰਸਿਟੀ ਵੱਲੋਂ ਨਿਰਧਾਰਤ ਪ੍ਰੀਖਿਆਵਾਂ ਪਾਸ ਕੀਤੀਆਂ ਹੋਣ; ਅਤੇ

(ii) ਜਿਨ੍ਹਾਂ ਨੇ ਵਿਨਿਯਮਾਂ ਅਨੁਸਾਰ ਨਿਰਧਾਰਤ ਸ਼ਰਤਾਂ ਹੇਠ ਖੋਜ ਕੀਤੀ ਹੋਵੇ;

(ਹ) ਵਿਨਿਯਮਾਂ ਵਿੱਚ ਨਿਰਧਾਰਤ ਤਰੀਕੇ ਅਨੁਸਾਰ ਆਦਰ-ਸਨਮਾਨੀ (ਹਾਨਰੇਰੀ) ਡਿਗਰੀਆਂ ਪ੍ਰਦਾਨ ਕਰਨਾ;

(ਕ) ਪ੍ਰੋਫੈਸਰਸ਼ਿਪ, ਰੀਡਰਸ਼ਿਪ, ਲੈਕਚਰਰਸ਼ਿਪ ਅਤੇ ਯੂਨੀਵਰਸਿਟੀ ਵੱਲੋਂ ਲੋੜੀਂਦੇ ਹੋਰ ਅਧਿਆਪਕੀ ਅਹੁਦੇ ਸਥਾਪਿਤ ਕਰਨਾ ਅਤੇ ਉਨ੍ਹਾਂ 'ਤੇ ਨਿਯੁਕਤੀਆਂ ਕਰਨਾ;

(ਖ) ਵਿਨਿਯਮਾਂ ਦੀਆਂ ਵਿਵਸਥਾਵਾਂ ਅਨੁਸਾਰ ਫੈਲੋਸ਼ਿਪਾਂ, ਸਕਾਲਰਸ਼ਿਪਾਂ, ਸਟੂਡੈਂਟਸ਼ਿਪਾਂ, ਪ੍ਰਦਰਸ਼ਨੀਆਂ ਅਤੇ ਇਨਾਮ ਸਥਾਪਿਤ ਕਰਨਾ ਅਤੇ ਪ੍ਰਦਾਨ ਕਰਨਾ;

(ਗ) ਹਾਲਾਂ ਅਤੇ ਹੋਸਟਲਾਂ ਦੀ ਸਥਾਪਨਾ ਕਰਨਾ ਅਤੇ ਉਨ੍ਹਾਂ ਨੂੰ ਚਲਾਉਣਾ;

(ਘ) ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਰਹਾਇਸ਼ ਅਤੇ ਅਨੁਸ਼ਾਸਨ ਦੀ ਦੇਖਭਾਲ ਅਤੇ ਨਿਗਰਾਨੀ ਕਰਨਾ ਅਤੇ ਉਨ੍ਹਾਂ ਦੀ ਸਿਹਤ ਅਤੇ ਸਾਰਵਜਨਿਕ ਭਲਾਈ ਦੇ ਪ੍ਰਚਾਰ ਲਈ ਪ੍ਰਬੰਧ ਕਰਨਾ;

(ङ) ਪ੍ਰਯੋਗਸ਼ਾਲਾਵਾਂ, ਪੁਸਤਕਾਲਿਆਂ ਅਤੇ ਅਜਾਇਬਘਰਾਂ ਦੀ ਸੰਗਠਨਾ ਕਰਨਾ ਅਤੇ ਅਧਿਆਪਨ ਅਤੇ ਖੋਜ ਲਈ ਲੋੜੀਂਦਾ ਹੋਰ ਸਾਜ਼ੋ-ਸਾਮਾਨ ਉਪਲਬਧ ਕਰਵਾਉਣਾ;

(ਚ) ਵਿਨਿਯਮਾਂ ਅਨੁਸਾਰ ਨਿਰਧਾਰਤ ਫ਼ੀਸਾਂ ਅਤੇ ਹੋਰ ਸ਼ੁਲਕਾਂ ਦੀ ਮੰਗ ਕਰਨਾ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨਾ;

(ਛ) ਉਹ ਟਰੱਸਟ ਅਤੇ ਐਂਡੋਵਮੈਂਟ ਰੱਖਣਾ ਅਤੇ ਪ੍ਰਬੰਧਿਤ ਕਰਨਾ ਜੋ ਯੂਨੀਵਰਸਿਟੀ ਦੇ ਹੱਕ ਵਿੱਚ ਸਥਾਪਿਤ ਕੀਤੇ ਜਾਣ;

(ਜ) ਹੇਠ ਲਿਖੀਆਂ ਇਕਾਈਆਂ ਸਥਾਪਿਤ ਕਰਨਾ ਅਤੇ ਉਨ੍ਹਾਂ ਦਾ ਪ੍ਰਬੰਧ ਕਰਨਾ, —

(i) ਪ੍ਰਿੰਟਿੰਗ ਅਤੇ ਪ੍ਰਕਾਸ਼ਨ ਵਿਭਾਗ;

(ii) ਯੂਨੀਵਰਸਿਟੀ ਐਕਸਟੈਂਸ਼ਨ ਬੋਰਡ;

(iii) ਜਾਣਕਾਰੀ ਬਿਊਰੋ; ਅਤੇ

(iv) ਰੋਜ਼ਗਾਰ ਬਿਊਰੋ;

(ਝ) ਸਿੱਖਿਆਕ ਤੌਰ ’ਤੇ ਪਿੱਛੜੀਆਂ ਵਰਗਾਂ ਅਤੇ ਸਮੁਦਾਇਆਂ ਵਿੱਚ ਤਕਨੀਕੀ ਸਿੱਖਿਆ ਦੇ ਪ੍ਰਸਾਰ ਲਈ ਵਿਸ਼ੇਸ਼ ਪ੍ਰਬੰਧ ਕਰਨਾ;

(ਞ) ਹੇਠ ਲਿਖਿਆਂ ਲਈ ਪ੍ਰਬੰਧ ਕਰਨਾ, —

(i) ਨੈਸ਼ਨਲ ਕੈਡੇਟ ਕੋਰ ਜਾਂ ਹੋਰ ਸਮਾਨ ਸੰਸਥਾਵਾਂ ਦੀ ਰੱਖ-ਰਖਾਵ;

(ii) ਸ਼ਾਰੀਰਿਕ ਅਤੇ ਸੈਣਿਕ ਪ੍ਰਸ਼ਿਕਸ਼ਣ; ਅਤੇ

(iii) ਖੇਡਾਂ ਅਤੇ ਐਥਲੈਟਿਕ ਕਲੱਬ;

(ਟ) ਪ੍ਰਸ਼ਾਸਕੀ, ਮੰਤਰੀਅਲ ਅਤੇ ਹੋਰ ਲੋੜੀਂਦੇ ਅਹੁਦੇ ਸਿਰਜਣਾ ਅਤੇ ਉਨ੍ਹਾਂ ’ਤੇ ਨਿਯੁਕਤੀਆਂ ਕਰਨਾ;

(ਠ) ਰਾਜ ਸਰਕਾਰ ਜਾਂ ਕੇਂਦਰ ਸਰਕਾਰ ਵੱਲੋਂ ਦਿੱਤੇ ਗਏ ਉਪਹਾਰ, ਦਾਨ ਜਾਂ ਅਨੁਗ੍ਰਹ ਪ੍ਰਾਪਤ ਕਰਨਾ ਅਤੇ ਵਸੀਅਤਕਾਰਾਂ, ਦਾਤਿਆਂ ਜਾਂ ਹਸਤਾਂਤਰਕਰਤਾਵਾਂ ਵੱਲੋਂ ਦਿੱਤੀ ਗਈ ਚਲ ਜਾਂ ਅਚਲ ਸੰਪਤੀ ਦੀ ਵਸੀਅਤ, ਦਾਨ ਜਾਂ ਹਸਤਾਂਤਰਣ ਪ੍ਰਾਪਤ ਕਰਨਾ; ਅਤੇ

(ਡ) ਉਪਰੋਕਤ ਸ਼ਕਤੀਆਂ ਨਾਲ ਸੰਬੰਧਿਤ ਹੋਣ ਜਾਂ ਨਾ ਹੋਣ ਦੇ ਬਾਵਜੂਦ, ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਲੋੜੀਂਦੇ ਸਾਰੇ ਹੋਰ ਕੰਮ ਕਰਨਾ।

ਅਧਿਕਾਰਾਂ ਦੀ ਭੂਗੋਲਿਕ ਵਰਤੋਂ।

**5.** (1) ਉਹ ਭੂਗੋਲਿਕ ਸੀਮਾਵਾਂ ਜਿਨ੍ਹਾਂ ਅੰਦਰ ਯੂਨੀਵਰਸਿਟੀ ਆਪਣੀਆਂ ਸ਼ਕਤੀਆਂ ਵਰਤੇਗੀ ਅਤੇ ਆਪਣੇ ਕਰਤਵ ਨਿਭਾਏਗੀ, ਪੰਜਾਬ ਰਾਜ ਦੇ ਬਠਿੰਡਾ, ਬਰਨਾਲਾ, ਫਰੀਦਕੋਟ, ਫਤਿਹਗੜ੍ਹ ਸਾਹਿਬ, ਫ਼ਾਜ਼ਿਲਕਾ, ਫ਼ਿਰੋਜ਼ਪੁਰ, ਮਾਨਸਾ, ਮੋਗਾ, ਸ੍ਰੀ ਮੁਕਤਸਰ ਸਾਹਿਬ, ਪਟਿਆਲਾ ਅਤੇ ਸੰਗਰੂਰ ਜ਼ਿਲ੍ਹੇ ਹੋਣਗੇ ਅਤੇ ਪੰਜਾਬ ਰਾਜ ਤੋਂ ਬਾਹਰ ਹੋਰ ਅਜਿਹੇ ਖੇਤਰ, ਜਿਵੇਂ ਕਿ ਬੋਰਡ ਵੱਲੋਂ ਸਮੇਂ-ਸਮੇਂ ਸਬੰਧਿਤ ਵਿਨਿਯਮਾਂ ਅਤੇ ਸਟੈਚਿਊਟਸ ਦੇ ਅਧੀਨ ਨਿਰਧਾਰਤ ਕੀਤੇ ਜਾਣ।

(2) ਇਸ ਸਮੇਂ ਲਾਗੂ ਕਿਸੇ ਹੋਰ ਕਾਨੂੰਨ ਵਿੱਚ ਕੁਝ ਵੀ ਸਮਾਇਆ ਹੋਣ ਦੇ ਬਾਵਜੂਦ, ਉਪ-ਧਾਰਾ (1) ਅਧੀਨ ਨਿਰਧਾਰਤ ਖੇਤਰ ਦੀਆਂ ਸੀਮਾਵਾਂ ਅੰਦਰ ਸਥਿਤ ਅਤੇ ਤਕਨੀਕੀ ਸਿੱਖਿਆ ਪ੍ਰਦਾਨ ਕਰਨ ਵਾਲਾ ਹਰ ਕਾਲਜ, ਰਾਜ ਸਰਕਾਰ ਵੱਲੋਂ ਇਸ ਸਬੰਧ ਵਿੱਚ ਨੋਟੀਫਾਈ

ਕੀਤੀ ਜਾਣ ਵਾਲੀ ਮਿਤੀ ਤੋਂ ਪ੍ਰਭਾਵੀ ਹੋ ਕੇ, ਯੂਨੀਵਰਸਿਟੀ ਨਾਲ ਸੰਬੰਧਿਤ ਅਤੇ ਉਸ ਦੇ ਵਿਸ਼ੇਸ਼ ਅਧਿਕਾਰਾਂ ਵਿੱਚ ਦਾਖ਼ਲ ਸਮਝਿਆ ਜਾਵੇਗਾ ਅਤੇ ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ ਨਾਲ ਕਿਸੇ ਵੀ ਤਰੀਕੇ ਨਾਲ ਸੰਬੰਧਿਤ ਰਹਿਣਾ ਜਾਂ ਉਸ ਦੇ ਕਿਸੇ ਵੀ ਵਿਸ਼ੇਸ਼ ਅਧਿਕਾਰਾਂ ਵਿੱਚ ਦਾਖ਼ਲ ਹੋਣਾ ਸਮਾਪਤ ਹੋ ਜਾਵੇਗਾ:

ਬਸ਼ਰਤੇ ਅਜਿਹੇ ਕਿਸੇ ਵੀ ਕਾਲਜ ਦਾ ਕੋਈ ਵੀ ਵਿਦਿਆਰਥੀ, ਜੋ ਉਕਤ ਮਿਤੀ ਤੋਂ ਪਹਿਲਾਂ ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ ਨਾਲ ਸੰਬੰਧਿਤ ਸੀ ਅਤੇ ਉਸ ਯੂਨੀਵਰਸਿਟੀ ਦੀ ਕਿਸੇ ਡਿਗਰੀ ਜਾਂ ਡਿਪਲੋਮਾ ਪ੍ਰੀਖਿਆ ਲਈ ਅਧਿਐਨ ਕਰ ਰਿਹਾ ਸੀ, ਨੂੰ ਉਸ ਲਈ ਤਿਆਰੀ ਕਰਦੇ ਹੋਏ ਆਪਣਾ ਕੋਰਸ ਪੂਰਾ ਕਰਨ ਦੀ ਆਗਿਆ ਹੋਵੇਗੀ ਅਤੇ ਯੂਨੀਵਰਸਿਟੀ ਅਜਿਹੇ ਵਿਦਿਆਰਥੀਆਂ ਲਈ, ਨਿਯਮਾਵਲੀ ਅਨੁਸਾਰ ਨਿਰਧਾਰਤ ਅਵਧੀ ਤੱਕ, ਉਸ ਯੂਨੀਵਰਸਿਟੀ ਵਿੱਚ ਲਾਗੂ ਪਾਠਕ੍ਰਮ ਅਨੁਸਾਰ ਪ੍ਰੀਖਿਆਵਾਂ ਕਰਵਾਏਗੀ:

ਬਸ਼ਰਤੇ ਇਹ ਵੀ ਕਿ ਜਦ ਤੱਕ ਯੂਨੀਵਰਸਿਟੀ ਵੱਲੋਂ ਅਜਿਹੀ ਕੋਈ ਪ੍ਰੀਖਿਆ ਨਹੀਂ ਕਰਵਾਈ ਜਾਂਦੀ, ਅਜਿਹਾ ਕੋਈ ਵੀ ਵਿਦਿਆਰਥੀ ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ ਦੀ ਪ੍ਰੀਖਿਆ ਵਿੱਚ ਸ਼ਾਮਲ ਹੋ ਸਕੇਗਾ ਅਤੇ ਉਸ ਪ੍ਰੀਖਿਆ ਦੇ ਨਤੀਜੇ ਦੇ ਆਧਾਰ ’ਤੇ ਯੋਗ ਹੋਣ ’ਤੇ ਉਸ ਯੂਨੀਵਰਸਿਟੀ ਵੱਲੋਂ ਡਿਗਰੀ, ਡਿਪਲੋਮਾ ਜਾਂ ਹੋਰ ਕਿਸੇ ਵੀ ਵਿਸ਼ੇਸ਼ ਅਧਿਕਾਰ ਨਾਲ ਸਨਮਾਨਿਤ ਕੀਤਾ ਜਾਵੇਗਾ।

**6.** (1) ਕਿਸੇ ਵੀ ਵਿਅਕਤੀ ਨੂੰ ਧਰਮ, ਨਸਲ, ਜਾਤ, ਲਿੰਗ, ਜਨਮ ਸਥਾਨ ਜਾਂ ਇਨ੍ਹਾਂ ਵਿੱਚੋਂ ਕਿਸੇ ਵੀ ਆਧਾਰ ’ਤੇ, ਯੂਨੀਵਰਸਿਟੀ ਦੇ ਕਿਸੇ ਅਹੁਦੇ ਤੋਂ, ਇਸ ਦੀਆਂ ਕਿਸੇ ਪ੍ਰਾਧਿਕਾਰੀਆਂ ਦੀ ਮੈਂਬਰਸ਼ਿਪ ਤੋਂ, ਜਾਂ ਕਿਸੇ ਡਿਗਰੀ, ਡਿਪਲੋਮਾ, ਹੋਰ ਅਕਾਦਮਿਕ ਸਨਮਾਨ ਜਾਂ ਅਧਿਐਨ ਕੋਰਸ ਵਿੱਚ ਦਾਖ਼ਲੇ ਤੋਂ ਵੰਚਿਤ ਨਹੀਂ ਕੀਤਾ ਜਾਵੇਗਾ:

ਯੂਨੀਵਰਸਿਟੀ ਧਰਮ, ਨਸਲ, ਜਾਤੀ, ਲਿੰਗ ਜਾਂ ਜਨਮ ਸਥਾਨ ਤੋਂ ਬਿਨਾ ਭੇਦਭਾਵ ਦੇ ਸਭ ਲਈ ਖੁੱਲ੍ਹੀ ਰੱਖੀ ਜਾਵੇਗੀ।

ਬਸ਼ਰਤੇ ਯੂਨੀਵਰਸਿਟੀ ਸਿਰਫ਼ ਮਹਿਲਾਵਾਂ ਲਈ ਸਿੱਖਿਆ, ਅਧਿਆਪਨ ਜਾਂ ਰਹਾਇਸ਼ ਦੇ ਉਦੇਸ਼ ਨਾਲ ਕੋਈ ਵੀ ਕਾਲਜ ਚਲਾ ਸਕਦੀ ਹੈ ਜਾਂ ਸਿੱਖਿਆਕ ਤੌਰ ’ਤੇ ਪਿੱਛੜੀਆਂ ਵਰਗਾਂ ਅਤੇ ਸਮੁਦਾਇਆਂ ਦੀਆਂ ਮਹਿਲਾਵਾਂ ਜਾਂ ਮੈਂਬਰਾਂ ਲਈ ਕਿਸੇ ਵੀ ਕਾਲਜ ਵਿੱਚ ਵਿਦਿਆਰਥੀ ਵਜੋਂ ਦਾਖ਼ਲੇ ਦੇ ਉਦੇਸ਼ ਲਈ ਸੀਟਾਂ ਰਾਖਵੀਂ ਰੱਖ ਸਕਦੀ ਹੈ।

(2) ਯੂਨੀਵਰਸਿਟੀ ਵੱਲੋਂ ਕਿਸੇ ਵੀ ਵਿਅਕਤੀ ’ਤੇ ਧਰਮ, ਨਸਲ, ਜਾਤ, ਲਿੰਗ ਜਾਂ ਜਨਮ ਸਥਾਨ ਨਾਲ ਸੰਬੰਧਿਤ ਕੋਈ ਵੀ ਪਰਖ ਲਾਗੂ ਕਰਨਾ ਕਾਨੂੰਨੀ ਨਹੀਂ ਹੋਵੇਗਾ, ਤਾਂ ਜੋ ਉਸਨੂੰ ਯੂਨੀਵਰਸਿਟੀ ਵਿੱਚ ਕੋਈ ਅਹੁਦਾ ਧਾਰਨ ਕਰਨ, ਕੋਈ ਵਿਸ਼ੇਸ਼ ਅਧਿਕਾਰ ਭੋਗਣ ਜਾਂ ਵਰਤਣ ਜਾਂ ਯੂਨੀਵਰਸਿਟੀ ਵੱਲੋਂ ਦਿੱਤੇ ਜਾਣ ਵਾਲੇ ਕਿਸੇ ਵੀ ਲਾਭ ਦਾ ਅਧਿਕਾਰ ਮਿਲ ਸਕੇ।

**7.** ਯੂਨੀਵਰਸਿਟੀ ਦੇ ਅਧਿਕਾਰੀ ਹੇਠ ਲਿਖੇ ਹੋਣਗੇ, ਅਰਥਾਤ: -

ਯੂਨੀਵਰਸਿਟੀ ਦੇ ਅਧਿਕਾਰੀ।

(i) ਚਾਂਸਲਰ;

(ii) ਵਾਈਸ-ਚਾਂਸਲਰ;

(iii) ਰਜਿਸਟ੍ਰਾਰ; ਅਤੇ

(iv) ਯੂਨੀਵਰਸਿਟੀ ਦੀ ਸੇਵਾ ਵਿੱਚ ਅਜਿਹੇ ਹੋਰ ਵਿਅਕਤੀ, ਜਿਨ੍ਹਾਂ ਨੂੰ ਨਿਯਮਾਵਲੀ ਰਾਹੀਂ ਯੂਨੀਵਰਸਿਟੀ ਦੇ ਅਧਿਕਾਰੀ ਘੋਸ਼ਿਤ ਕੀਤਾ ਜਾਵੇ।

ਅਧਿਕਾਰੀਆਂ ਦੀ ਨਿਯੁਕਤੀ, ਅਧਿਕਾਰ ਅਤੇ ਕਰਤਵ, ਉਨ੍ਹਾਂ ਦੀ ਅਹੁਦਾ ਮਿਆਦ ਆਦਿ।

**8.** (1) ਇਸ ਐਕਟ ਦੀਆਂ ਵਿਵਸਥਾਵਾਂ ਦੇ ਅਧੀਨ, ਚਾਂਸਲਰ, ਵਾਈਸ-ਚਾਂਸਲਰ ਅਤੇ ਰਜਿਸਟ੍ਰਾਰ ਤੋਂ ਇਲਾਵਾ ਯੂਨੀਵਰਸਿਟੀ ਦੇ ਹੋਰ ਅਧਿਕਾਰੀਆਂ ਦੀਆਂ ਸ਼ਕਤੀਆਂ ਅਤੇ ਕਰਤਵ, ਉਹ ਅਵਧੀ ਜਿਸ ਲਈ ਉਹ ਅਹੁਦਾ ਧਾਰਨ ਕਰਨਗੇ ਅਤੇ ਅਜਿਹੇ ਅਹੁਦਿਆਂ ਵਿੱਚ ਆਕਸਮਿਕ ਖਾਲੀ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ, ਨਿਯਮਾਵਲੀ ਰਾਹੀਂ ਪ੍ਰਦਾਨ ਕੀਤੀ ਜਾਵੇਗੀ।

(2) ਚਾਂਸਲਰ, ਵਾਈਸ-ਚਾਂਸਲਰ ਅਤੇ ਰਜਿਸਟ੍ਰਾਰ ਤੋਂ ਇਲਾਵਾ ਯੂਨੀਵਰਸਿਟੀ ਦੇ ਹੋਰ ਅਧਿਕਾਰੀਆਂ ਦੀ ਨਿਯੁਕਤੀ ਦੀ ਵਿਧੀ, ਸੇਵਾ ਦੀਆਂ ਸ਼ਰਤਾਂ ਅਤੇ ਕਰਤਵ, ਜਿੱਥੇ ਤੱਕ ਇੱਥੇ ਪ੍ਰਦਾਨ ਨਹੀਂ ਕੀਤੇ ਗਏ, ਨਿਯਮਾਵਲੀ ਰਾਹੀਂ ਨਿਰਧਾਰਤ ਕੀਤੇ ਜਾਣਗੇ।

ਚਾਂਸਲਰ।

**9.** ਪੰਜਾਬ ਦਾ ਰਾਜਪਾਲ ਯੂਨੀਵਰਸਿਟੀ ਦਾ ਚਾਂਸਲਰ ਹੋਵੇਗਾ।

ਵਾਈਸ-ਚਾਂਸਲਰ ਦੀ ਨਿਯੁਕਤੀ, ਅਧਿਕਾਰ, ਕਰਤਵ ਅਤੇ ਸੇਵਾ ਦੀਆਂ ਸ਼ਰਤਾਂ।

**10.** (1) ਵਾਈਸ-ਚਾਂਸਲਰ ਦੀ ਨਿਯੁਕਤੀ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਰਾਜ ਸਰਕਾਰ ਦੀ ਸਲਾਹ ’ਤੇ, ਬੋਰਡ ਵੱਲੋਂ ਖੋਜ ਕਮੇਟੀ ਰਾਹੀਂ ਸਿਫ਼ਾਰਸ਼ ਕੀਤੇ ਗਏ ਵਿਅਕਤੀਆਂ ਦੇ ਪੈਨਲ ਵਿੱਚੋਂ, ਚਾਂਸਲਰ ਵੱਲੋਂ ਕੀਤੀ ਜਾਵੇਗੀ, ਜਿਸ ਖੋਜ ਕਮੇਟੀ ਨੂੰ ਰਾਜ ਸਰਕਾਰ ਵੱਲੋਂ ਨੋਟੀਫਾਈ ਕੀਤਾ ਜਾਵੇਗਾ। ਇਸ ਕਮੇਟੀ ਦੇ ਮੈਂਬਰ ਬੋਰਡ ਵੱਲੋਂ ਨਾਮਜ਼ਦ ਕੀਤੇ ਜਾਣਗੇ:

ਬਸ਼ਰਤੇ ਪਹਿਲਾ ਵਾਈਸ-ਚਾਂਸਲਰ ਯੂਨੀਵਰਸਿਟੀ ਦੇ ਦਿਨ-ਪ੍ਰਤੀਦਿਨ ਦੇ ਕਾਰ ਵਿਹਾਰ ਦੇ ਪ੍ਰਬੰਧ ਲਈ ਤਿੰਨ ਸਾਲਾਂ ਦੀ ਅਵਧੀ ਲਈ ਰਾਜ ਸਰਕਾਰ ਵੱਲੋਂ ਨਿਯੁਕਤ ਕੀਤਾ ਜਾਵੇਗਾ।

(2) ਵਾਈਸ-ਚਾਂਸਲਰ ਤਿੰਨ ਸਾਲਾਂ ਦੀ ਅਵਧੀ ਲਈ ਅਹੁਦਾ ਧਾਰਨ ਕਰੇਗਾ, ਜਿਸ ਨੂੰ ਬੋਰਡ ਦੀ ਸਲਾਹ ਅਤੇ ਸਿਫ਼ਾਰਸ਼ਾਂ ’ਤੇ ਚਾਂਸਲਰ ਵੱਲੋਂ ਹੋਰ ਤਿੰਨ ਸਾਲਾਂ ਲਈ ਵਧਾਇਆ ਜਾ ਸਕਦਾ ਹੈ।

(3) ਵਾਈਸ-ਚਾਂਸਲਰ ਦੀ ਤਨਖ਼ਾਹ ਅਤੇ ਸੇਵਾ ਦੀਆਂ ਹੋਰ ਸ਼ਰਤਾਂ ਚਾਂਸਲਰ ਵੱਲੋਂ ਨਿਰਧਾਰਤ ਕੀਤੀਆਂ ਜਾਣਗੀਆਂ:

ਬਸ਼ਰਤੇ ਅਜਿਹੀਆਂ ਸ਼ਰਤਾਂ ਅਹੁਦੇ ਦੀ ਅਵਧੀ ਦੌਰਾਨ ਵਾਈਸ-ਚਾਂਸਲਰ ਦੇ ਨੁਕਸਾਨ ਵਿੱਚ ਤਬਦੀਲ ਨਹੀਂ ਕੀਤੀਆਂ ਜਾਣਗੀਆਂ।

(4) ਵਾਈਸ-ਚਾਂਸਲਰ ਦੀ ਬੀਮਾਰੀ, ਗੈਰਹਾਜ਼ਰੀ, ਛੁੱਟੀ ਜਾਂ ਕਿਸੇ ਹੋਰ ਆਕਸਮਿਕ ਸਥਿਤੀ ਵਿੱਚ, ਫੈਕਲਟੀਜ਼ ਦਾ ਸਭ ਤੋਂ ਵਰਿਸ਼ਠ ਡੀਨ ਵਾਈਸ-ਚਾਂਸਲਰ ਵਜੋਂ ਕੰਮ ਕਰੇਗਾ।

(5) ਵਾਈਸ-ਚਾਂਸਲਰ ਯੂਨੀਵਰਸਿਟੀ ਦਾ ਮੁੱਖ ਕਾਰਜਕਾਰੀ ਅਤੇ ਅਕਾਦਮਿਕ ਅਧਿਕਾਰੀ ਹੋਵੇਗਾ ਅਤੇ ਨਿਯਮਾਵਲੀ ਅਨੁਸਾਰ ਯੂਨੀਵਰਸਿਟੀ ਦੇ ਕਾਰ ਵਿਹਾਰ ’ਤੇ ਸਧਾਰਣ ਨਿਯੰਤਰਣ ਵਰਤੇਗਾ ਅਤੇ ਯੂਨੀਵਰਸਿਟੀ ਦੀਆਂ ਪ੍ਰਾਧਿਕਾਰੀਆਂ ਦੇ ਫੈਸਲਿਆਂ ਨੂੰ ਲਾਗੂ ਕਰੇਗਾ।

(6) ਵਾਈਸ-ਚਾਂਸਲਰ ਨੂੰ ਅਕਾਦਮਿਕ ਕੌਂਸਲ ਦੀਆਂ ਬੈਠਕਾਂ ਬੁਲਾਣ ਦੀ ਸ਼ਕਤੀ ਹੋਵੇਗੀ।

(7) ਵਾਈਸ-ਚਾਂਸਲਰ ਦਾ ਕਰਤਵ ਹੋਵੇਗਾ ਕਿ ਇਸ ਐਕਟ ਅਤੇ ਨਿਯਮਾਵਲੀ ਦੀਆਂ

ਵਿਵਸਥਾਵਾਂ ਦੀ ਨਿਸ਼ਠਾਪੂਰਵਕ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਇਸ ਉਦੇਸ਼ ਲਈ ਉਸਨੂੰ ਲੋੜੀਂਦੀਆਂ ਸਾਰੀਆਂ ਸ਼ਕਤੀਆਂ ਪ੍ਰਾਪਤ ਹੋਣਗੀਆਂ।

(8) ਜੇਕਰ ਵਾਈਸ-ਚਾਂਸਲਰ ਦੀ ਰਾਏ ਵਿੱਚ ਕੋਈ ਅਜਿਹੀ ਐਮਰਜੈਂਸੀ ਉਤਪੰਨ ਹੋ ਜਾਵੇ ਜਿਸ ਵਿੱਚ ਤੁਰੰਤ ਕਾਰਵਾਈ ਲੋੜੀਂਦੀ ਹੋਵੇ, ਤਾਂ ਵਾਈਸ-ਚਾਂਸਲਰ ਚੇਅਰਮੈਨ ਦੀ ਮਨਜ਼ੂਰੀ ਨਾਲ ਅਜਿਹੀ ਕਾਰਵਾਈ ਕਰੇਗਾ, ਜਿਹੜੀ ਉਹ ਲੋੜੀਂਦੀ ਸਮਝੇ, ਅਤੇ ਅਗਲੀ ਬੈਠਕ ਵਿੱਚ ਉਸ ਪ੍ਰਾਧਿਕਾਰਤਾ ਅੱਗੇ ਪੁਸ਼ਟੀ ਲਈ ਰਿਪੋਰਟ ਕਰੇਗਾ, ਜੋ ਆਮ ਤੌਰ ’ਤੇ ਇਸ ਮਾਮਲੇ ਨਾਲ ਨਿਪਟਾਰਾ ਕਰਦੀ:

ਬਸ਼ਰਤੇ ਜੇਕਰ ਵਾਈਸ-ਚਾਂਸਲਰ ਵੱਲੋਂ ਕੀਤੀ ਗਈ ਅਜਿਹੀ ਕਾਰਵਾਈ ਸੰਬੰਧਿਤ ਪ੍ਰਾਧਿਕਾਰਤਾ ਵੱਲੋਂ ਮਨਜ਼ੂਰ ਨਾ ਕੀਤੀ ਜਾਵੇ, ਤਾਂ ਉਹ ਮਾਮਲਾ ਚਾਂਸਲਰ ਕੋਲ ਭੇਜਿਆ ਜਾ ਸਕਦਾ ਹੈ, ਜਿਸ ਦਾ ਫੈਸਲਾ ਅੰਤਿਮ ਹੋਵੇਗਾ:

ਇਹ ਵੀ ਪਰੰਤੂ ਕਿ ਜੇਕਰ ਵਾਈਸ-ਚਾਂਸਲਰ ਵੱਲੋਂ ਕੀਤੀ ਗਈ ਅਜਿਹੀ ਕਾਰਵਾਈ ਯੂਨੀਵਰਸਿਟੀ ਦੀ ਸੇਵਾ ਵਿੱਚ ਕਿਸੇ ਵਿਅਕਤੀ ਨੂੰ ਪ੍ਰਭਾਵਿਤ ਕਰਦੀ ਹੈ, ਤਾਂ ਅਜਿਹਾ ਵਿਅਕਤੀ ਉਸ ਕਾਰਵਾਈ ਦੀ ਸੂਚਨਾ ਮਿਲਣ ਦੀ ਮਿਤੀ ਤੋਂ ਤੀਹ ਦਿਨਾਂ ਦੇ ਅੰਦਰ ਬੋਰਡ ਕੋਲ ਅਪੀਲ ਕਰਨ ਦਾ ਅਧਿਕਾਰ ਰੱਖੇਗਾ।

ਰਜਿਸਟ੍ਰਾਰ ਦੀ ਨਿਯੁਕਤੀ, ਅਧਿਕਾਰ, ਕਰਤਵ ਅਤੇ ਸੇਵਾ ਦੀਆਂ ਸ਼ਰਤਾਂ।

**11.** (1) ਰਜਿਸਟ੍ਰਾਰ ਦੀ ਨਿਯੁਕਤੀ ਬੋਰਡ ਵੱਲੋਂ ਵਾਈਸ-ਚਾਂਸਲਰਦੀ ਸਿਫ਼ਾਰਸ਼ਾਂ ਦੇ ਆਧਾਰ ‘ਤੇ ਤਿੰਨ ਸਾਲਾਂ ਦੀ ਮਿਆਦ ਲਈ ਕੀਤੀ ਜਾਵੇਗੀ, ਜਿਸ ਮਿਆਦ ਨੂੰ ਹੋਰ ਤਿੰਨ ਸਾਲਾਂ ਲਈ ਵਧਾਇਆ ਜਾ ਸਕੇਗਾ।

(2) ਰਜਿਸਟ੍ਰਾਰ ਦੀ ਸੇਵਾ ਦੀਆਂ ਸ਼ਰਤਾਂ ਅਤੇ ਨਿਯਮ ਬੋਰਡ ਵੱਲੋਂ ਨਿਰਧਾਰਤ ਕੀਤੇ ਜਾਣਗੇ।

(3) ਰਜਿਸਟ੍ਰਾਰ ਬੋਰਡ ਅਤੇ ਅਕਾਦਮਿਕ ਕੌਂਸਲ ਦਾ ਪਦਨੁਸਾਰੀ (ex-officio) ਸਕੱਤਰ ਹੋਵੇਗਾ।

(4) ਰਜਿਸਟ੍ਰਾਰ ਦੇ ਫਰਜ਼ ਹੇਠ ਲਿਖੇ ਹੋਣਗੇ, ਅਰਥਾਤ—

(ੳ) ਯੂਨੀਵਰਸਿਟੀ ਦੇ ਰਿਕਾਰਡਾਂ, ਸਾਂਝੀ ਮੋਹਰ ਅਤੇ ਉਹ ਹੋਰ ਸੰਪੱਤੀ, ਜੋ ਬੋਰਡ ਵੱਲੋਂ ਉਸਦੀ ਹਿਰਾਸਤ ਵਿੱਚ ਦਿੱਤੀ ਜਾਵੇ, ਦਾ ਸੁਰੱਖਿਅਕ ਹੋਣਾ;

(ਅ) ਬੋਰਡ ਅਤੇ ਅਕਾਦਮਿਕ ਕੌਂਸਲ ਦੀਆਂ ਸਭ ਮੀਟਿੰਗਾਂ ਦੀ ਕਾਰਵਾਈ (ਮਿੰਟਸ) ਸੰਭਾਲ ਕੇ ਰੱਖਣਾ;

(ੲ) ਬੋਰਡ ਅਤੇ ਅਕਾਦਮਿਕ ਕੌਂਸਲ ਦੀ ਸਰਕਾਰੀ ਪੱਤਰਚਾਰ ਕਰਨਾ;

(ਸ) ਯੂਨੀਵਰਸਿਟੀ ਦੀਆਂ ਪਰੀਖਿਆਵਾਂ ਦੀ ਵਿਵਸਥਾ ਕਰਨਾ ਅਤੇ ਉਨ੍ਹਾਂ ਦੀ ਦੇਖ-ਰੇਖ ਕਰਨਾ;

(ਹ) ਅਧਿਕਾਰੀਆਂ ਦੀਆਂ ਮੀਟਿੰਗਾਂ ਦੇ ਏਜੰਡੇ ਜਾਰੀ ਹੋਣ ਉਪਰਾਂਤ ਜਲਦੀ ਤੋਂ ਜਲਦੀ ਅਤੇ ਆਮ ਤੌਰ ‘ਤੇ ਮੀਟਿੰਗ ਹੋਣ ਤੋਂ ਇੱਕ ਮਹੀਨੇ ਦੇ ਅੰਦਰ ਉਨ੍ਹਾਂ ਦੀ ਕਾਰਵਾਈ ਦੀਆਂ ਪ੍ਰਤੀਆਂ ਕੁਲਪਤੀ ਨੂੰ ਭੇਜਣਾ; ਅਤੇ

(ਕ) ਵਾਈਸ-ਚਾਂਸਲਰਜਾਂ ਬੋਰਡ ਵੱਲੋਂ ਸਮੇਂ-ਸਮੇਂ ‘ਤੇ ਸੌਂਪੇ ਗਏ ਹੋਰ ਫਰਜ਼ ਨਿਭਾਉਣਾ।

ਯੂਨੀਵਰਸਿਟੀ ਦੀਆਂ ਅਥਾਰਟੀਆਂ।

**12.** ਯੂਨੀਵਰਸਿਟੀ ਦੇ ਹੇਠ ਲਿਖੇ ਅਧਿਕਾਰ ਹੋਣਗੇ, ਅਰਥਾਤ—

(i) ਗਵਰਨਰਾਂ ਦਾ ਬੋਰਡ;

(ii) ਅਕਾਦਮਿਕ ਕੌਂਸਲ;

(iii) ਫੈਕਲਟੀਆਂ;

(iv) ਬੋਰਡ ਆਫ਼ ਸਟੱਡੀਜ਼; ਅਤੇ

(v) ਹੋਰ ਉਹ ਅਧਿਕਾਰ, ਜਿਨ੍ਹਾਂ ਨੂੰ ਨਿਯਮਾਵਲੀ ਰਾਹੀਂ ਅਧਿਕਾਰ ਘੋਸ਼ਿਤ ਕੀਤਾ ਜਾ ਸਕੇ।

ਬੋਰਡ ਆਫ਼ ਗਵਰਨਰਜ਼ ਦੀ ਬਣਤਰ।

**13.** (1) ਬੋਰਡ ਵਿੱਚ ਇੱਕ ਚੇਅਰਮੈਨ, ਇੱਕ ਉਪ-ਚੇਅਰਮੈਨ, ਸੱਤ ਪਦਨੁਸਾਰੀ ਮੈਂਬਰ ਅਤੇ ਛੇ ਨਾਮਜ਼ਦ ਮੈਂਬਰ ਸ਼ਾਮਲ ਹੋਣਗੇ।

(2) ਪੰਜਾਬ ਰਾਜ ਦਾ ਮੁੱਖ ਸਕੱਤਰ ਚੇਅਰਮੈਨ ਹੋਵੇਗਾ।

(3) ਪੰਜਾਬ ਸਰਕਾਰ ਦੇ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਤਾਲੀਮ ਵਿਭਾਗ ਦਾ ਪ੍ਰਮੁੱਖ ਸਕੱਤਰ ਉਪ-ਚੇਅਰਮੈਨ ਹੋਵੇਗਾ।

(4) (ੳ) ਚੇਅਰਮੈਨ ਆਮ ਤੌਰ 'ਤੇ ਬੋਰਡ ਦੀਆਂ ਮੀਟਿੰਗਾਂ ਦੀ ਅਧਜਕਸ਼ਤਾ ਕਰੇਗਾ।

(ਅ) ਚਾਂਸਲਰ ਯੂਨੀਵਰਸਿਟੀ ਦੀ ਦਿੱਖਸ਼ਾਂਤ ਸਮਾਰੋਹ (Convocation) ਦੀ ਅਧਜਕਸ਼ਤਾ ਕਰੇਗਾ ਅਤੇ ਜੇਕਰ ਉਹ ਅਸਮਰਥ ਹੋਵੇ, ਤਾਂ ਚੇਅਰਮੈਨ ਅਧਜਕਸ਼ਤਾ ਕਰੇਗਾ।

(5) (ੳ) ਕੁਲਪਤੀ ਹੇਠ ਲਿਖੇ ਮੈਂਬਰਾਂ ਨੂੰ ਤਿੰਨ ਸਾਲਾਂ ਦੀ ਮਿਆਦ ਲਈ ਨਾਮਜ਼ਦ ਕਰੇਗਾ ਅਤੇ ਉਹ ਇਕੋ ਮਿਆਦ ਲਈ ਮੁੜ ਨਾਮਜ਼ਦ ਹੋਣ ਦੇ ਯੋਗ ਹੋਣਗੇ, ਅਰਥਾਤ—

(i) ਪ੍ਰਸਿੱਧ ਉਦਯੋਗਪਤੀਆਂ ਵਿੱਚੋਂ ਦੋ ਮੈਂਬਰ;

(ii) ਪ੍ਰਸਿੱਧ ਤਕਨੀਕੀ ਵਿਦਵਾਨਾਂ ਵਿੱਚੋਂ ਦੋ ਮੈਂਬਰ;

(iii) ਯੂਨੀਵਰਸਿਟੀ ਨਾਲ ਸੰਬੰਧਤ ਕਾਲਜਾਂ ਵਿੱਚੋਂ ਘੁੰਮਣਵਾਰ ਤਰੀਕੇ ਨਾਲ ਇੱਕ ਪ੍ਰਿੰਸੀਪਲ; ਅਤੇ

(iv) ਯੂਨੀਵਰਸਿਟੀ ਦੇ ਵਿਭਾਗਾਂ ਦੇ ਮੁਖੀਆਂ ਵਿੱਚੋਂ ਘੁੰਮਣਵਾਰ ਤਰੀਕੇ ਨਾਲ ਇੱਕ ਵਿਭਾਗ ਮੁਖੀ।

(ਅ) ਹੇਠ ਲਿਖੇ ਪਦਨੁਸਾਰੀ ਮੈਂਬਰ ਹੋਣਗੇ, ਅਰਥਾਤ—

(i) ਵਾਈਸ-ਚਾਂਸਲਰ, ਮਹਾਰਾਜਾ ਰਣਜੀਤ ਸਿੰਘ ਰਾਜ ਤਕਨੀਕੀ ਯੂਨੀਵਰਸਿਟੀ, ਬਠਿੰਡਾ;

(ii) ਵਾਈਸ-ਚਾਂਸਲਰ, ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ;

(iii) ਪੰਜਾਬ ਸਰਕਾਰ ਦਾ ਵਿੱਤ ਵਿਭਾਗ ਦਾ ਸਕੱਤਰ;

(iv) ਨਿਰਦੇਸ਼ਕ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਤਾਲੀਮ, ਪੰਜਾਬ;

(v) ਚੇਅਰਮੈਨ, ਨਾਰਥ-ਵੈਸਟ ਕਮੇਟੀ, ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ, ਚੰਡੀਗੜ੍ਹ;

(vi) ਪ੍ਰਧਾਨ, ਕਨਫੈਡਰੇਸ਼ਨ ਆਫ਼ ਇੰਡੀਆਨ ਇੰਡਸਟਰੀ ਜਾਂ ਉਸ ਦਾ ਨਾਮਜ਼ਦ ਪ੍ਰਤਿਨਿਧੀ; ਅਤੇ

(vii) ਨਿਰਦੇਸ਼ਕ, ਇੰਡੀਆਨ ਇੰਸਟੀਚਿਊਟ ਆਫ਼ ਟੈਕਨੋਲੋਜੀ, ਰੋਪੜ।

(6) ਜੇਕਰ ਬੋਰਡ ਵਿੱਚ ਕਿਸੇ ਮੈਂਬਰ ਦੀ ਅਸਤੀਫ਼ਾ, ਮੌਤ ਜਾਂ ਹੋਰ ਕਿਸੇ ਕਾਰਨ ਨਾਲ ਖਾਲੀ ਅਸਥਾਨ ਪੈਦਾ ਹੁੰਦਾ ਹੈ, ਤਾਂ ਉਸ ਨੂੰ ਉਪ-ਧਾਰਾ (5) ਵਿੱਚ ਦਰਸਾਏ ਤਰੀਕੇ ਅਨੁਸਾਰ ਭਰਿਆ ਜਾਵੇਗਾ:

ਬਸ਼ਰਤੇ ਅਜਿਹਾ ਮੈਂਬਰ ਕੇਵਲ ਉਸ ਅਵਧੀ ਲਈ ਅਹੁਦਾ ਸੰਭਾਲੇਗਾ, ਜਿੰਨੀ ਅਵਧੀ ਲਈ ਉਸ ਵਿਅਕਤੀ ਨੇ, ਜਿਸ ਦੀ ਥਾਂ ਉਹ ਮੈਂਬਰ ਬਣਿਆ ਹੈ, ਹੋਰ ਅਹੁਦੇ 'ਤੇ ਬਣੇ ਰਹਿਣਾ ਸੀ।

(7) ਬੋਰਡ ਯੂਨੀਵਰਸਿਟੀ ਦਾ ਸਰਵੋਚ ਅਧਿਕਾਰ ਹੋਵੇਗਾ ਅਤੇ ਇਸ ਦੇ ਹੇਠ ਲਿਖੇ ਅਧਿਕਾਰ ਅਤੇ ਕਾਰਜ ਹੋਣਗੇ, ਅਰਥਾਤ—

(ੳ) ਯੂਨੀਵਰਸਿਟੀ ਦੇ ਕਾਰਜਾਂ ਦੀ ਦੇਖ-ਰੇਖ ਅਤੇ ਨਿਯੰਤਰਣ ਕਰਨਾ;

(ਅ) ਵਾਈਸ-ਚਾਂਸਲਰ ਦੀ ਤਨਖ਼ਾਹ ਅਤੇ ਸੇਵਾ ਦੀਆਂ ਸ਼ਰਤਾਂ ਦੀ ਸਿਫ਼ਾਰਸ਼ ਕਰਨਾ;

(ੲ) ਅਕਾਦਮਿਕ ਕਾਰਜਕ੍ਰਮਾਂ ਦੀ ਮਨਜ਼ੂਰੀ ਦੇਣਾ;

(ਸ) ਵਿਨਿਯਮਾਂ ਤਿਆਰ ਕਰਨਾ ਅਤੇ ਮਨਜ਼ੂਰ ਕਰਨਾ;

(ਹ) ਵੱਖ-ਵੱਖ ਅਕਾਦਮਿਕ ਕਾਰਜਕ੍ਰਮਾਂ ਲਈ ਵਿਭਾਗ/ਕੇਂਦਰ/ਸਕੂਲ/ਬੋਰਡ ਆਫ਼ ਸਟੱਡੀਜ਼ ਸਥਾਪਤ ਕਰਨਾ;

(ਕ) ਯੂਨੀਵਰਸਿਟੀ ਵਿੱਚ ਫੈਕਲਟੀ ਅਤੇ ਕਰਮਚਾਰੀਆਂ ਦੇ ਅਹੁਦੇ ਸਿਰਜਣਾ;

(ਖ) ਯੂਨੀਵਰਸਿਟੀ ਦੇ ਬਜਟ ਦੀ ਮਨਜ਼ੂਰੀ ਦੇਣਾ;

(ਗ) ਯੂਨੀਵਰਸਿਟੀ ਦੇ ਫੰਡਾਂ ਦਾ ਪ੍ਰਬੰਧ ਅਤੇ ਨਿਯੰਤਰਣ ਕਰਨਾ ਅਤੇ ਬੈਂਕ ਖਾਤਿਆਂ ਦੇ ਖੋਲ੍ਹਣ ਅਤੇ ਚਲਾਉਣ ਦੀ ਮਨਜ਼ੂਰੀ ਦੇਣਾ;

(ਘ) ਯੂਨੀਵਰਸਿਟੀ ਦੀ ਚਲ ਅਤੇ ਅਚਲ ਅਤੇ ਬੁੱਧਿਕ ਸੰਪੱਤੀ ਨੂੰ ਸਵੀਕਾਰ ਕਰਨਾ, ਹਸਤਾਂਤਰਿਤ ਕਰਨਾ ਅਤੇ ਨਿਯੰਤਰਿਤ ਕਰਨਾ;

(ਙ) ਯੂਨੀਵਰਸਿਟੀ ਦੀ ਸਾਂਝੀ ਮੋਹਰ ਦੇ ਰੂਪ ਅਤੇ ਉਪਯੋਗ ਬਾਰੇ ਫੈਸਲਾ ਕਰਨਾ;

(ਚ) ਯੂਨੀਵਰਸਿਟੀ ਦੀ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਲਈ ਕਮੇਟੀਆਂ ਨਿਯੁਕਤ ਕਰਨਾ;

(ਛ) ਫੈਕਲਟੀ ਅਤੇ ਕਰਮਚਾਰੀਆਂ ਦੀ ਤਨਖ਼ਾਹ ਅਤੇ ਸੇਵਾ ਦੀਆਂ ਸ਼ਰਤਾਂ ਦੀ ਮਨਜ਼ੂਰੀ ਦੇਣਾ; ਅਤੇ

(ਜ) ਠੇਕੇ ਦੇ ਆਧਾਰ 'ਤੇ ਕੀਤੇ ਜਾਣ ਵਾਲੇ ਕੰਮਾਂ ਅਤੇ ਸੇਵਾਵਾਂ ਦੀ ਮਨਜ਼ੂਰੀ ਦੇਣਾ।

(8) ਬੋਰਡ ਦੀ ਸਾਲਾਨਾ ਮੀਟਿੰਗ ਵਾਈਸ-ਚਾਂਸਲਰਵੱਲੋਂ ਚੇਅਰਮੈਨ ਨਾਲ ਸਲਾਹ-ਮਸ਼ਵਰੇ ਨਾਲ ਨਿਰਧਾਰਤ ਕੀਤੀ ਤਾਰੀਖ਼ ਨੂੰ ਬੁਲਾਈ ਜਾਵੇਗੀ, ਜਿਸ ਵਿੱਚ ਪਿਛਲੇ ਸਾਲ ਦੀ ਕਾਰਗੁਜ਼ਾਰੀ ਦੀ ਰਿਪੋਰਟ, ਆਮਦਨ-ਖ਼ਰਚ ਦਾ ਬਿਆਨ, ਬੈਲੈਂਸ ਸ਼ੀਟ ਅਤੇ ਵਿੱਤੀ ਅਨੁਮਾਨ ਪੇਸ਼ ਕੀਤੇ ਜਾਣਗੇ।

(9) ਚੇਅਰਮੈਨ ਜਰੂਰਤ ਅਨੁਸਾਰ ਬੋਰਡ ਦੀ ਵਿਸ਼ੇਸ਼ ਮੀਟਿੰਗ ਬੁਲਾ ਸਕਦਾ ਹੈ।

(10) ਬੋਰਡ ਦੇ ਮੈਂਬਰ ਨਿਯਮਾਵਲੀ ਅਨੁਸਾਰ ਨਿਰਧਾਰਤ ਭੱਤੇ ਅਤੇ ਬੈਠਕ ਫੀਸ ਦੇ ਹੱਕਦਾਰ ਹੋਣਗੇ, ਪਰ ਉਪ-ਧਾਰਾ (5) ਦੇ ਖੰਡ (ੳ) ਦੇ ਉਪ-ਖੰਡ (iii) ਅਤੇ (iv) ਅਤੇ ਖੰਡ (ਅ) ਦੇ ਉਪ-ਖੰਡ (i) ਤੋਂ ਇਲਾਵਾ ਹੋਰ ਕੋਈ ਮੈਂਬਰ ਤਨਖ਼ਾਹ ਦਾ ਹੱਕਦਾਰ ਨਹੀਂ ਹੋਵੇਗਾ।

(11) ਚੇਅਰਮੈਨ ਸਮੇਤ ਪੰਜ ਮੈਂਬਰ ਬੋਰਡ ਦੀ ਕਿਸੇ ਵੀ ਮੀਟਿੰਗ ਲਈ ਕੋਰਮ ਹੋਣਗੇ।

(12) ਮੈਂਬਰਾਂ ਵਿਚਕਾਰ ਮਤਭੇਦ ਦੀ ਸਥਿਤੀ ਵਿੱਚ ਬਹੁਮਤ ਦੀ ਰਾਏ ਪ੍ਰਮੁੱਖ ਹੋਵੇਗੀ।

(13) ਚੇਅਰਮੈਨ ਸਮੇਤ ਹਰ ਮੈਂਬਰ ਕੋਲ ਇੱਕ ਵੋਟ ਹੋਵੇਗੀ ਅਤੇ ਵੋਟਾਂ ਦੀ ਬਰਾਬਰੀ ਦੀ ਸਥਿਤੀ ਵਿੱਚ ਚੇਅਰਮੈਨ ਕੋਲ ਨਿਰਣਾਇਕ ਵੋਟ ਦਾ ਅਧਿਕਾਰ ਹੋਵੇਗਾ।

(14) ਬੋਰਡ ਦੀ ਹਰ ਮੀਟਿੰਗ ਦੀ ਅਧਜਕਸ਼ਤਾ ਚੇਅਰਮੈਨ ਕਰੇਗਾ ਅਤੇ ਉਸ ਦੀ ਗੈਰਹਾਜ਼ਰੀ ਵਿੱਚ ਉਪ-ਚੇਅਰਮੈਨ ਕਰੇਗਾ।

(15) ਬੋਰਡ ਅੱਗੇ ਪੇਸ਼ ਕੀਤੇ ਜਾਣ ਤੋਂ ਇਲਾਵਾ ਹੋਰ ਕੋਈ ਵੀ ਪ੍ਰਸਤਾਵ ਸਾਰੇ ਮੈਂਬਰਾਂ ਵਿੱਚ ਪਰਚਾਰ ਰਾਹੀਂ ਮਨਜ਼ੂਰ ਕੀਤਾ ਜਾ ਸਕਦਾ ਹੈ ਅਤੇ ਅਜਿਹਾ ਪ੍ਰਸਤਾਵ, ਜੇਕਰ ਬਹੁਮਤ ਮੈਂਬਰਾਂ ਵੱਲੋਂ ਲਿਖਤੀ ਤੌਰ 'ਤੇ ਮਨਜ਼ੂਰ ਕੀਤਾ ਗਿਆ ਹੋਵੇ, ਤਾਂ ਉਹ ਉਤਨਾ ਹੀ ਪ੍ਰਭਾਵਸ਼ਾਲੀ ਅਤੇ ਬੰਨ੍ਹਣਯੋਗ ਹੋਵੇਗਾ, ਜਿਵੇਂ ਕਿ ਉਹ ਬੋਰਡ ਦੀ ਮੀਟਿੰਗ ਵਿੱਚ ਮਨਜ਼ੂਰ ਕੀਤਾ ਗਿਆ ਹੋਵੇ:

ਬਸ਼ਰਤੇ ਅਜਿਹੇ ਪਰਚਾਰ ਰਾਹੀਂ ਕੀਤੇ ਗਏ ਕਿਸੇ ਵੀ ਫੈਸਲੇ ਲਈ ਘੱਟੋ-ਘੱਟ ਚਾਰ ਮੈਂਬਰਾਂ ਵੱਲੋਂ ਲਿਖਤੀ ਸਮਰਥਨ ਲਾਜ਼ਮੀ ਹੋਵੇਗਾ।

ਅਕਾਦਮਿਕ ਕੌਂਸਲ।

**14.** (1) ਅਕਾਦਮਿਕ ਕੌਂਸਲ ਯੂਨੀਵਰਸਿਟੀ ਦੀ ਅਕਾਦਮਿਕ ਸੰਗਠਨਾ ਹੋਵੇਗੀ ਅਤੇ ਇਸ ਐਕਟ ਅਤੇ ਵਿਨਿਯਮਾਂ ਦੀਆਂ ਵਿਵਸਥਾਵਾਂ ਦੇ ਅਧੀਨ ਰਹਿੰਦੇ ਹੋਏ, ਯੂਨੀਵਰਸਿਟੀ ਅੰਦਰ ਸਿੱਖਿਆ, ਅਧਿਆਪਨ ਅਤੇ ਪਰੀਖਿਆਵਾਂ ਦੇ ਮਿਆਰ ਦੀ ਸੰਭਾਲ ਅਤੇ ਨਿਯੰਤਰਣ ਲਈ ਜ਼ਿੰਮੇਵਾਰ ਹੋਵੇਗੀ ਅਤੇ ਉਹ ਅਜਿਹੇ ਹੋਰ ਅਧਿਕਾਰ ਵਰਤੇਗੀ ਅਤੇ ਅਜਿਹੇ ਹੋਰ ਫਰਜ਼ ਨਿਭਾਏਗੀ, ਜੋ ਵਿਨਿਯਮਾਂ ਰਾਹੀਂ ਇਸ ਨੂੰ ਸੌਂਪੇ ਜਾਂ ਲਾਗੂ ਕੀਤੇ ਜਾਣ। ਅਕਾਦਮਿਕ ਕੌਂਸਲ ਨੂੰ ਸਾਰੇ ਅਕਾਦਮਿਕ ਮਾਮਲਿਆਂ 'ਤੇ ਬੋਰਡ ਨੂੰ ਸਲਾਹ ਦੇਣ ਦਾ ਅਧਿਕਾਰ ਹੋਵੇਗਾ।

(2) ਅਕਾਦਮਿਕ ਕੌਂਸਲ ਹੇਠ ਲਿਖੇ ਮੈਂਬਰਾਂ 'ਤੇ ਮਿਸ਼ਤਮਿਲ ਹੋਵੇਗੀ, ਅਰਥਾਤ—

| | | | |
|---|---|---|---|
| (i) | ਵਾਈਸ-ਚਾਂਸਲਰ | : | ਚੇਅਰਮੈਨ |
| (ii) | ਫੈਕਲਟੀਆਂ ਦੇ ਡੀਨ | : | ਮੈਂਬਰ |
| (iii) | ਯੂਨੀਵਰਸਿਟੀ ਦੇ ਵਿਭਾਗਾਂ/ਸਕੂਲਾਂ ਦੇ ਮੁਖੀ | : | ਮੈਂਬਰ |
| (iv) | ਯੂਨੀਵਰਸਿਟੀ ਨਾਲ ਸੰਬੰਧਤ ਦਸ ਕਾਲਜਾਂ ਦੇ ਪ੍ਰਿੰਸੀਪਲ ਘੁੰਮਣਵਾਰ ਤਰੀਕੇ ਨਾਲ : ਬਸ਼ਰਤੇ ਕੋਈ ਵੀ ਪ੍ਰਿੰਸੀਪਲ ਤਦ ਤੱਕ ਮੁੜ ਨਾਮਜ਼ਦ ਨਹੀਂ ਕੀਤਾ ਜਾਵੇਗਾ ਜਦ ਤੱਕ ਸਾਰੇ ਹੋਰ ਪ੍ਰਿੰਸੀਪਲ ਘੱਟੋ-ਘੱਟ ਇੱਕ ਵਾਰ ਅਕਾਦਮਿਕ ਕੌਂਸਲ ਦੇ ਮੈਂਬਰ ਵਜੋਂ ਨਾਮਜ਼ਦ ਨਾ ਹੋ ਚੁੱਕੇ ਹੋਣ; | : | ਮੈਂਬਰ |
| (v) | ਦੋ ਪ੍ਰਸਿੱਧ ਉਦਯੋਗਪਤੀ, ਜੋ ਬੋਰਡ ਵੱਲੋਂ ਨਾਮਜ਼ਦ ਕੀਤੇ ਜਾਣ | : | ਮੈਂਬਰ |
| (vi) | ਦੋ ਪ੍ਰਸਿੱਧ ਤਕਨੀਕੀ ਵਿਦਵਾਨ, ਜੋ ਬੋਰਡ ਵੱਲੋਂ ਨਾਮਜ਼ਦ ਕੀਤੇ ਜਾਣ | : | ਮੈਂਬਰ |

ਕ੍ਰਮ ਸੰਖਿਆ (iv), (v) ਅਤੇ (vi) ਵਿੱਚ ਦਰਸਾਏ ਮੈਂਬਰਾਂ ਦੀ ਨਾਮਜ਼ਦਗੀ ਦੀ ਮਿਆਦ ਦੋ ਸਾਲ ਹੋਵੇਗੀ।

**15.** (1) ਵਿੱਤ ਕਮੇਟੀ ਹੇਠ ਲਿਖੇ ਮੈਂਬਰਾਂ 'ਤੇ ਮਿਸ਼ਤਮਿਲ ਹੋਵੇਗੀ, ਅਰਥਾਤ— ਵਿੱਤ ਕਮੇਟੀ।

| | | | |
|---|---|---|---|
| (i) | ਵਾਈਸ-ਚਾਂਸਲਰ; | : | ਚੇਅਰਮੈਨ |
| (ii) | ਪੰਜਾਬ ਸਰਕਾਰ ਦੇ ਵਿੱਤ ਵਿਭਾਗ ਦਾ ਪ੍ਰਮੁੱਖ ਸਕੱਤਰ; | : | ਮੈਂਬਰ |
| (iii) | ਪੰਜਾਬ ਸਰਕਾਰ ਦੇ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਤਾਲੀਮ ਵਿਭਾਗ ਦਾ ਪ੍ਰਮੁੱਖ ਸਕੱਤਰ; | : | ਮੈਂਬਰ |
| (iv) | ਨਿਰਦੇਸ਼ਕ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਤਾਲੀਮ, ਪੰਜਾਬ; | : | ਮੈਂਬਰ |
| (v) | ਬੋਰਡ ਦਾ ਇੱਕ ਮੈਂਬਰ, ਜੋ ਚੇਅਰਮੈਨ ਵੱਲੋਂ ਨਾਮਜ਼ਦ ਕੀਤਾ ਜਾਵੇ। | : | ਮੈਂਬਰ |

(2) ਵਿੱਤ ਕਮੇਟੀ ਸਾਰੇ ਵਿੱਤੀ ਮਾਮਲਿਆਂ ਬਾਰੇ ਬੋਰਡ ਨੂੰ ਸਲਾਹ ਦੇਵੇਗੀ।

**16.** ਇਸ ਐਕਟ ਦੀਆਂ ਵਿਵਸਥਾਵਾਂ ਦੇ ਅਧੀਨ ਰਹਿੰਦੇ ਹੋਏ, ਬੋਰਡ ਅਤੇ ਅਕਾਦਮਿਕ ਕੌਂਸਲ ਤੋਂ ਇਲਾਵਾ ਯੂਨੀਵਰਸਿਟੀ ਦੇ ਹੋਰ ਅਧਿਕਾਰੀਆਂ ਦੀ ਬਣਤਰ, ਅਧਿਕਾਰ ਅਤੇ ਫਰਜ਼ ਵਿਨਿਯਮਾਂ ਰਾਹੀਂ ਨਿਰਧਾਰਤ ਕੀਤੇ ਜਾਣਗੇ। ਯੂਨੀਵਰਸਿਟੀ ਦੀਆਂ ਅਥਾਰਟੀਆਂ ਦੇ ਅਧਿਕਾਰ ਅਤੇ ਕਰਤਵ।

**17.** (1) ਯੂਨੀਵਰਸਿਟੀ ਦੀਆਂ ਪਹਿਲੀਆਂ ਵਿਨਿਯਮਾਂ ਰਾਜ ਸਰਕਾਰ ਵੱਲੋਂ ਬਣਾਈਆਂ ਜਾਣਗੀਆਂ ਅਤੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਵਿਨਿਯਮਾਂ ਦੀ ਬਣਾਵਟ, ਸੋਧ, ਰੱਦਗੀ ਅਤੇ ਕਾਰਵਾਈ।

(2) ਬੋਰਡ ਸਮੇਂ-ਸਮੇਂ 'ਤੇ ਨਵੀਆਂ ਜਾਂ ਵਾਧੂ ਵਿਨਿਯਮਾਂ ਬਣਾ ਸਕਦਾ ਹੈ ਜਾਂ ਮੌਜੂਦਾ ਵਿਨਿਯਮਾਂ ਵਿੱਚ ਸੋਧ ਕਰ ਸਕਦਾ ਹੈ ਜਾਂ ਉਨ੍ਹਾਂ ਨੂੰ ਰੱਦ ਕਰ ਸਕਦਾ ਹੈ:

ਬਸ਼ਰਤੇ ਬੋਰਡ ਕਿਸੇ ਵੀ ਅਜਿਹੀ ਸੋਧ ਦਾ ਮਸੌਦਾ ਪੇਸ਼ ਨਹੀਂ ਕਰੇਗਾ ਜੋ ਯੂਨੀਵਰਸਿਟੀ ਦੇ ਕਿਸੇ ਮੌਜੂਦਾ ਅਧਿਕਾਰ ਦੀ ਸਥਿਤੀ, ਅਧਿਕਾਰਾਂ ਜਾਂ ਬਣਤਰ ਨੂੰ ਪ੍ਰਭਾਵਿਤ ਕਰਦੀ ਹੋਵੇ, ਜਦ ਤੱਕ ਉਸ ਅਧਿਕਾਰ ਨੂੰ ਆਪਣੀ ਰਾਏ ਪ੍ਰਗਟ ਕਰਨ ਦਾ ਮੌਕਾ ਨਾ ਦਿੱਤਾ ਗਿਆ ਹੋਵੇ ਅਤੇ ਅਜਿਹੀ ਰਾਏ ਲਿਖਤੀ ਰੂਪ ਵਿੱਚ ਹੋਵੇਗੀ ਅਤੇ ਬੋਰਡ ਵੱਲੋਂ ਉਸ 'ਤੇ ਵਿਚਾਰ ਕੀਤਾ ਜਾਵੇਗਾ।

(3) ਹਰ ਨਵੇ ਵਿਨਿਯਮ ਜਾਂ ਕਿਸੇ ਵੀ ਤਰ੍ਹਾਂ ਦੀ ਸ਼ਾਮਿਲੀ, ਸੋਧ ਜਾਂ ਰੱਦਗੀ ਲਈ ਬੋਰਡ ਦੀ ਮਨਜ਼ੂਰੀ ਲਾਜ਼ਮੀ ਹੋਵੇਗੀ ਅਤੇ ਬੋਰਡ ਉਸਨੂੰ ਮਨਜ਼ੂਰ ਕਰ ਸਕਦਾ ਹੈ, ਅਸਵੀਕਾਰ ਕਰ ਸਕਦਾ ਹੈ ਜਾਂ ਹੋਰ ਵਿਚਾਰ ਲਈ ਵਾਪਸ ਭੇਜ ਸਕਦਾ ਹੈ।

**18.** ਇਸ ਐਕਟ ਦੀਆਂ ਵਿਵਸਥਾਵਾਂ ਦੇ ਅਧੀਨ ਰਹਿੰਦੇ ਹੋਏ, ਵਿਨਿਯਮਾਂ ਹੇਠ ਲਿਖੇ ਸਾਰੇ ਜਾਂ ਕਿਸੇ ਵੀ ਮਾਮਲੇ ਲਈ ਪ੍ਰਬੰਧ ਕਰ ਸਕਦੀਆਂ ਹਨ, ਅਰਥਾਤ— ਵਿਨਿਯਮ।

(ੳ) ਅਕਾਦਮਿਕ ਕੌਂਸਲ ਅਤੇ ਹੋਰ ਅਜਿਹੇ ਅਧਿਕਾਰਾਂ ਦੀ ਬਣਤਰ, ਅਧਿਕਾਰ ਅਤੇ ਫਰਜ਼, ਜਿਨ੍ਹਾਂ ਨੂੰ ਸਮੇਂ-ਸਮੇਂ 'ਤੇ ਜਰੂਰੀ ਸਮਝਿਆ ਜਾਵੇ;

(ਅ) ਯੂਨੀਵਰਸਿਟੀ ਦੇ ਅਧਿਕਾਰੀਆਂ ਦੀ ਨਿਯੁਕਤੀ, ਅਧਿਕਾਰ ਅਤੇ ਫਰਜ਼;

(ਏ) ਗ੍ਰੈਚੁਟੀ ਅਤੇ ਭਵਿੱਖ ਨਿਧੀ ਦੀ ਬਣਤਰ ਅਤੇ ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੇ ਹਿਤ ਲਈ ਬੀਮਾ ਯੋਜਨਾ ਦੀ ਸਥਾਪਨਾ;

(ਸ) ਮਾਨਦ ਡਿਗਰੀਆਂ ਦੇਣ ਸੰਬੰਧੀ ਪ੍ਰਬੰਧ;

(ਹ) ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਅਕਾਦਮਿਕ ਉਪਾਧੀਆਂ ਦੀ ਵਾਪਸੀ;

(ਕ) ਫੈਕਲਟੀਆਂ, ਵਿਭਾਗਾਂ, ਹਾਲਾਂ, ਹੋਸਟਲਾਂ, ਕਾਲਜਾਂ, ਕੇਂਦਰਾਂ ਅਤੇ ਸਕੂਲਾਂ ਦੀ ਸਥਾਪਨਾ ਅਤੇ ਬਣਤਰ;

(ਖ) ਉਹ ਸ਼ਰਤਾਂ ਜਿਨ੍ਹਾਂ ਅਧੀਨ ਕਾਲਜਾਂ, ਸਕੂਲਾਂ ਅਤੇ ਕੇਂਦਰਾਂ ਨੂੰ ਯੂਨੀਵਰਸਿਟੀ ਦੇ ਅਧਿਕਾਰ ਪ੍ਰਦਾਨ ਕੀਤੇ ਜਾਂ ਵਾਪਸ ਲਏ ਜਾ ਸਕਣ;

(ਗ) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦਾ ਦਾਖ਼ਲਾ ਅਤੇ ਉਨ੍ਹਾਂ ਦੀ ਰਜਿਸਟ੍ਰੇਸ਼ਨ;

(ਘ) ਯੂਨੀਵਰਸਿਟੀ ਦੀਆਂ ਸਾਰੀਆਂ ਡਿਗਰੀਆਂ, ਡਿਪਲੋਮਿਆਂ ਅਤੇ ਸਰਟੀਫਿਕੇਟਾਂ ਲਈ ਨਿਰਧਾਰਤ ਅਧਿਐਨ ਕੋਰਸ;

(ਙ) ਯੂਨੀਵਰਸਿਟੀ ਵੱਲੋਂ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਅਕਾਦਮਿਕ ਉਪਾਧੀਆਂ, ਉਨ੍ਹਾਂ ਦੀਆਂ ਯੋਗਤਾਵਾਂ ਅਤੇ ਉਨ੍ਹਾਂ ਦੇ ਪ੍ਰਦਾਨ ਕਰਨ ਅਤੇ ਪ੍ਰਾਪਤ ਕਰਨ ਸੰਬੰਧੀ ਰਕਮਾਂ;

(ਚ) ਯੂਨੀਵਰਸਿਟੀ ਵਿੱਚ ਅਧਿਐਨ ਕੋਰਸਾਂ ਅਤੇ ਪਰੀਖਿਆਵਾਂ, ਡਿਗਰੀਆਂ, ਡਿਪਲੋਮਿਆਂ ਅਤੇ ਸਰਟੀਫਿਕੇਟਾਂ ਲਈ ਲਾਗੂ ਕੀਤੀਆਂ ਜਾਣ ਵਾਲੀਆਂ ਫ਼ੀਸਾਂ;

(ਛ) ਫੈਲੋਸ਼ਿਪਾਂ, ਸਕਾਲਰਸ਼ਿਪਾਂ, ਸਟੂਡੈਂਟਸ਼ਿਪਾਂ, ਪ੍ਰਦਰਸ਼ਨੀਆਂ, ਤਮਗਿਆਂ ਅਤੇ ਇਨਾਮਾਂ ਦੇ ਪ੍ਰਦਾਨ ਦੀਆਂ ਸ਼ਰਤਾਂ;

(ਜ) ਪਰੀਖਿਆਵਾਂ ਦਾ ਆਯੋਜਨ, ਜਿਸ ਵਿੱਚ ਪਰੀਖਿਆ ਸੰਗਠਨਾਂ, ਪਰੀਖਿਆਕਾਰਾਂ ਅਤੇ ਮਾਡਰੇਟਰਾਂ ਦੀ ਨਿਯੁਕਤੀ, ਅਹੁਦੇ ਦੀ ਮਿਆਦ ਅਤੇ ਫਰਜ਼ ਸ਼ਾਮਲ ਹਨ;

(ਝ) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਵਿੱਚ ਅਨੁਸ਼ਾਸਨ ਦੀ ਰੱਖਿਆ;

(ਞ) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦੀ ਰਹਾਇਸ਼ ਦੀਆਂ ਸ਼ਰਤਾਂ;

(ਟ) ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਤਨਖ਼ਾਹ ਅਤੇ ਸੇਵਾ ਦੀਆਂ ਸ਼ਰਤਾਂ;

(ਠ) ਯੂਨੀਵਰਸਿਟੀ ਵੱਲੋਂ ਸਥਾਪਿਤ ਜਾਂ ਸੰਭਾਲੇ ਗਏ ਕਾਲਜਾਂ, ਸਕੂਲਾਂ ਅਤੇ ਕੇਂਦਰਾਂ ਦਾ ਪ੍ਰਬੰਧ;

(ਡ) ਯੂਨੀਵਰਸਿਟੀ ਦੇ ਅਧਿਕਾਰਾਂ ਅਧੀਨ ਕਾਲਜਾਂ, ਸਕੂਲਾਂ ਅਤੇ ਕੇਂਦਰਾਂ ਦੀ ਨਿਗਰਾਨੀ ਅਤੇ ਜਾਂਚ; ਅਤੇ

(ਢ) ਹੋਰ ਸਾਰੇ ਅਜਿਹੇ ਮਾਮਲੇ, ਜਿਨ੍ਹਾਂ ਲਈ ਇਸ ਐਕਟ ਦੁਆਰਾ ਜਾਂ ਵਿਨਿਯਮਾਂ ਰਾਹੀਂ ਪ੍ਰਬੰਧ ਕੀਤਾ ਜਾਣਾ ਹੋਵੇ।

ਉਪ-ਵਿਨਿਯਮ। **19.** (1) ਅਧਿਕਾਰ ਇਸ ਐਕਟ ਅਤੇ ਵਿਨਿਯਮਾਂ ਨਾਲ ਅਨੁਕੂਲ ਉਪ-ਵਿਨਿਯਮ ਤਿਆਰ ਕਰ ਸਕਦੇ ਹਨ, ਹੇਠ ਲਿਖੇ ਸਾਰੇ ਜਾਂ ਕਿਸੇ ਵੀ ਮਾਮਲੇ ਲਈ, ਅਰਥਾਤ—

(ੳ) ਆਪਣੀਆਂ ਮੀਟਿੰਗਾਂ ਵਿੱਚ ਅਪਣਾਈ ਜਾਣ ਵਾਲੀ ਪ੍ਰਕਿਰਿਆ ਅਤੇ ਕੋਰਮ

ਬਣਾਉਣ ਲਈ ਲੋੜੀਂਦੇ ਮੈਂਬਰਾਂ ਦੀ ਗਿਣਤੀ ਨਿਰਧਾਰਤ ਕਰਨਾ; ਅਤੇ

(ਅ) ਉਹ ਸਾਰੇ ਮਾਮਲੇ, ਜਿਨ੍ਹਾਂ ਦੀ ਵਿਵਰਣਾ ਇਸ ਐਕਟ ਅਤੇ ਵਿਨਿਯਮਾਂ ਅਨੁਸਾਰ ਕੀਤੀ ਜਾਣੀ ਲਾਜ਼ਮੀ ਹੋਵੇ।

(2) ਹਰ ਅਧਿਕਾਰ ਉਪ-ਨਿਯਮ ਤਿਆਰ ਕਰੇਗਾ, ਜਿਨ੍ਹਾਂ ਅਧੀਨ ਉਸ ਅਧਿਕਾਰ ਦੇ ਮੈਂਬਰਾਂ ਨੂੰ ਮੀਟਿੰਗਾਂ ਦੀ ਤਾਰੀਖ਼ ਅਤੇ ਉਨ੍ਹਾਂ ਵਿੱਚ ਵਿਚਾਰ ਅਧੀਨ ਆਉਣ ਵਾਲੇ ਕਾਰਜਾਂ ਬਾਰੇ ਸੂਚਨਾ ਦੇਣ ਅਤੇ ਮੀਟਿੰਗਾਂ ਦੀ ਕਾਰਵਾਈ ਦਾ ਰਿਕਾਰਡ ਸੰਭਾਲ ਕੇ ਰੱਖਣ ਦੀ ਵਿਵਸਥਾ ਕੀਤੀ ਜਾਵੇਗੀ।

ਰਾਜ ਸਰਕਾਰ ਵੱਲੋਂ ਅਨੁਦਾਨ।

**20.** (1) ਰਾਜ ਸਰਕਾਰ ਸਮੇਂ-ਸਮੇਂ ‘ਤੇ ਯੂਨੀਵਰਸਿਟੀ ਦੇ ਪੂੰਜੀਗਤ, ਆਵਰਤੀ ਜਾਂ ਹੋਰ ਕਿਸੇ ਵੀ ਕਿਸਮ ਦੇ ਖ਼ਰਚ ਨੂੰ ਪੂਰਾ ਕਰਨ ਲਈ ਅਜਿਹੀ ਰਕਮ ਅਨੁਦਾਨ ਦੇ ਰੂਪ ਵਿੱਚ ਪ੍ਰਦਾਨ ਕਰ ਸਕਦੀ ਹੈ, ਜਿਹੋ ਜਿਹੀ ਉਹ ਉਚਿਤ ਸਮਝੇ।

(2) ਰਾਜ ਸਰਕਾਰ ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ ਦੇ ਉਪਲਬਧ ਫੰਡਾਂ ਵਿੱਚੋਂ ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਨੂੰ 50:50 ਦੇ ਅਨੁਪਾਤ ਵਿੱਚ ਰਕਮ ਤਬਦੀਲ ਕਰ ਸਕਦੀ ਹੈ।

ਸਾਲਾਨਾ ਰਿਪੋਰਟ।

**21.** ਯੂਨੀਵਰਸਿਟੀ ਦੀ ਸਾਲਾਨਾ ਰਿਪੋਰਟ ਤਿਆਰ ਕੀਤੀ ਜਾਵੇਗੀ ਅਤੇ ਵਿਨਿਯਮਾਂ ਰਾਹੀਂ ਨਿਰਧਾਰਤ ਕੀਤੀ ਜਾਣ ਵਾਲੀ ਤਾਰੀਖ਼ ਤੱਕ ਜਾਂ ਉਸ ਤੋਂ ਪਹਿਲਾਂ, ਬੋਰਡ ਦੀ ਸਾਲਾਨਾ ਮੀਟਿੰਗ ਵਿੱਚ ਮਨਜ਼ੂਰੀ ਲਈ ਪੇਸ਼ ਕੀਤੀ ਜਾਵੇਗੀ।

ਸਾਲਾਨਾ ਹਿਸਾਬ-ਕਿਤਾਬ।

**22.** ਯੂਨੀਵਰਸਿਟੀ ਦੀ ਆਮਦਨ ਅਤੇ ਖ਼ਰਚੇ ਦੇ ਹਿਸਾਬ-ਕਿਤਾਬ ਹਰ ਸਾਲ ਇੱਕ ਵਾਰ ਰਾਜ ਸਰਕਾਰ ਨੂੰ ਅਜਿਹੀ ਜਾਂਚ ਅਤੇ ਆਡੀਟ ਲਈ ਪੇਸ਼ ਕੀਤੇ ਜਾਣਗੇ, ਜਿਹੋ ਜਿਹੀ ਰਾਜ ਸਰਕਾਰ ਨਿਰਦੇਸ਼ ਦੇਵੇ। ਆਡੀਟ ਹੋਣ ਉਪਰਾਂਤ, ਉਹ ਹਿਸਾਬ-ਕਿਤਾਬ ਰਾਜ ਸਰਕਾਰ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਕੀਤੇ ਜਾਣਗੇ।

ਖਾਲੀ ਅਹੁਦਿਆਂ ਕਾਰਨ ਅਥਾਰਟੀਆਂ ਅਤੇ ਸੰਗਠਨਾਂ ਦੇ ਕਾਰਜ ਜਾਂ ਕਾਰਵਾਈਆਂ ਅਵੈਧ ਨਹੀਂ ਹੋਣਗੀਆਂ।

**23.** ਇਸ ਐਕਟ ਅਧੀਨ ਯੂਨੀਵਰਸਿਟੀ ਦੀ ਕਿਸੇ ਵੀ ਅਥਾਰਟੀ ਜਾਂ ਕਿਸੇ ਹੋਰ ਸੰਗਠਨ ਵੱਲੋਂ ਕੀਤਾ ਗਿਆ ਕੋਈ ਵੀ ਕਾਰਜ ਜਾਂ ਕੀਤੀ ਗਈ ਕੋਈ ਵੀ ਕਾਰਵਾਈ ਸਿਰਫ਼ ਹੇਠ ਲਿਖੇ ਕਿਸੇ ਵੀ ਆਧਾਰ ‘ਤੇ ਅਵੈਧ ਨਹੀਂ ਮੰਨੀ ਜਾਵੇਗੀ, ਅਰਥਾਤ—

(ੳ) ਅਥਾਰਟੀ ਜਾਂ ਸੰਗਠਨ ਦੀ ਬਣਤਰ ਵਿੱਚ ਖਾਲੀ ਅਹੁਦਾ ਜਾਂ ਕੋਈ ਖ਼ਾਮੀ ਹੋਣਾ;

(ਅ) ਉਸ ਦੇ ਮੈਂਬਰ ਵਜੋਂ ਕੰਮ ਕਰਨ ਵਾਲੇ ਕਿਸੇ ਵਿਅਕਤੀ ਦੀ ਨਾਮਜ਼ਦਗੀ ਜਾਂ ਨਿਯੁਕਤੀ ਵਿੱਚ ਕੋਈ ਖ਼ਾਮੀ ਜਾਂ ਅਨਿਯਮਿਤਤਾ; ਅਤੇ

(ੲ) ਉਸ ਕਾਰਜ ਜਾਂ ਕਾਰਵਾਈ ਵਿੱਚ ਕੋਈ ਖ਼ਾਮੀ ਜਾਂ ਅਨਿਯਮਿਤਤਾ, ਜੋ ਮਾਮਲੇ ਦੇ ਮੂਲ ਤੱਤਾਂ ਨੂੰ ਪ੍ਰਭਾਵਿਤ ਨਾ ਕਰਦੀ ਹੋਵੇ।

ਅਥਾਰਟੀਆਂ ਅਤੇ ਸੰਗਠਨਾਂ ਦੀ ਬਣਤਰ ਸੰਬੰਧੀ ਵਿਵਾਦ।

**24.** ਜੇਕਰ ਕੋਈ ਪ੍ਰਸ਼ਨ ਉੱਠੇ ਕਿ ਕੋਈ ਵਿਅਕਤੀ ਢੰਗ ਨਾਲ ਨਾਮਜ਼ਦ ਜਾਂ ਨਿਯੁਕਤ ਕੀਤਾ ਗਿਆ ਹੈ ਜਾਂ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਸੰਗਠਨ ਦਾ ਮੈਂਬਰ ਬਣਨ ਦਾ ਹੱਕਦਾਰ ਹੈ ਜਾਂ ਨਹੀਂ, ਤਾਂ ਉਹ ਮਾਮਲਾ ਚਾਂਸਲਰ ਕੋਲ ਭੇਜਿਆ ਜਾਵੇਗਾ ਅਤੇ ਉਸ ਬਾਰੇ ਚਾਂਸਲਰ ਦਾ ਫ਼ੈਸਲਾ ਅੰਤਿਮ ਹੋਵੇਗਾ।

ਰਾਜ ਸਰਕਾਰ ਦੇ ਅਧਿਕਾਰ।

**25.** (1) ਰਾਜ ਸਰਕਾਰ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਨੀਤੀ ਨਾਲ ਸੰਬੰਧਿਤ ਕਿਸੇ ਵੀ ਮਾਮਲੇ ਬਾਰੇ ਜਾਂ ਇਸ ਐਕਟ ਜਾਂ ਇਸ ਦੇ ਅਧੀਨ ਬਣਾਈਆਂ ਗਈਆਂ ਵਿਨਿਯਮਾਂ ਦੀ ਉਲੰਘਣਾ ਕਰਦੇ ਹੋਏ ਯੂਨੀਵਰਸਿਟੀ ਵੱਲੋਂ ਕੀਤੇ ਗਏ ਕਿਸੇ ਵੀ ਕਾਰਜ ਸੰਬੰਧੀ ਯੂਨੀਵਰਸਿਟੀ ਨੂੰ ਸੰਦਰਭ ਭੇਜੇ।

(2) ਉਪ-ਧਾਰਾ (1) ਅਧੀਨ ਭੇਜੇ ਗਏ ਸੰਦਰਭ ਦੇ ਸਬੰਧ ਵਿੱਚ ਯੂਨੀਵਰਸਿਟੀ ਵੱਲੋਂ ਕੀਤੀ ਜਾਂ ਕੀਤੀ ਜਾਣ ਦੀ ਪ੍ਰਸਤਾਵਿਤ ਕਾਰਵਾਈ ਬਾਰੇ ਰਾਜ ਸਰਕਾਰ ਨੂੰ ਰਿਪੋਰਟ ਕੀਤੀ ਜਾਵੇਗੀ ਅਤੇ ਜੇਕਰ ਯੂਨੀਵਰਸਿਟੀ ਕੋਈ ਕਾਰਵਾਈ ਕਰਨ ਵਿੱਚ ਅਸਫ਼ਲ ਰਹਿੰਦੀ ਹੈ, ਤਾਂ ਉਹ ਰਾਜ ਸਰਕਾਰ ਨੂੰ ਆਪਣਾ ਸਪਸ਼ਟੀਕਰਨ ਪੇਸ਼ ਕਰੇਗੀ।

(3) ਜੇਕਰ ਯੂਨੀਵਰਸਿਟੀ ਉਚਿਤ ਸਮੇਂ ਦੇ ਅੰਦਰ ਰਾਜ ਸਰਕਾਰ ਦੀ ਸੰਤੁਸ਼ਟੀ ਅਨੁਸਾਰ ਕਾਰਵਾਈ ਕਰਨ ਵਿੱਚ ਅਸਫ਼ਲ ਰਹਿੰਦੀ ਹੈ, ਤਾਂ ਰਾਜ ਸਰਕਾਰ ਯੂਨੀਵਰਸਿਟੀ ਵੱਲੋਂ ਪੇਸ਼ ਕੀਤੇ ਗਏ ਸਪਸ਼ਟੀਕਰਨ ‘ਤੇ ਵਿਚਾਰ ਕਰਨ ਉਪਰਾਂਤ, ਇਸ ਐਕਟ ਦੇ ਅਨੁਕੂਲ ਅਜਿਹੇ ਨਿਰਦੇਸ਼ ਜਾਰੀ ਕਰ ਸਕਦੀ ਹੈ, ਜਿਹੜੇ ਉਹ ਜ਼ਰੂਰੀ ਸਮਝੇ, ਅਤੇ ਯੂਨੀਵਰਸਿਟੀ ਉਨ੍ਹਾਂ ਦੀ ਪਾਲਣਾ ਕਰਨ ਲਈ ਬੱਝੀ ਹੋਵੇਗੀ।

(4) ਰਾਜ ਸਰਕਾਰ ਕਿਸੇ ਵੀ ਸਮੇਂ ਯੂਨੀਵਰਸਿਟੀ ਦੀ ਢੰਗ ਨਾਲ ਅਤੇ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਬਾਰੇ ਸੰਤੁਸ਼ਟ ਹੋਣ ਲਈ ਅਤੇ ਯੂਨੀਵਰਸਿਟੀ ਦੇ ਪ੍ਰਸ਼ਾਸਨ ਅਤੇ ਵਿੱਤ ਨਾਲ ਸੰਬੰਧਿਤ ਕਿਸੇ ਵੀ ਮਾਮਲੇ ਦੀ ਜਾਂਚ ਲਈ, ਅਜਿਹੀ ਅਥਾਰਟੀ ਜਾਂ ਵਿਅਕਤੀ ਰਾਹੀਂ ਨਿਰੀਖਣ ਜਾਂ ਜਾਂਚ ਕਰਵਾ ਸਕਦੀ ਹੈ, ਜਿਹੜੀ ਉਹ ਨਿਰਧਾਰਤ ਕਰੇ।

(5) ਯੂਨੀਵਰਸਿਟੀ ਉਪ-ਧਾਰਾ (4) ਵਿੱਚ ਦਰਸਾਈ ਗਈ ਨਿਰੀਖਣ ਜਾਂ ਜਾਂਚ ਵਿੱਚ ਆਪਣੀ ਨੁਮਾਇੰਦਗੀ ਲਈ ਕਿਸੇ ਵੀ ਵਿਅਕਤੀ ਨੂੰ ਅਧਿਕ੍ਰਿਤ ਕਰ ਸਕਦੀ ਹੈ।

(6) ਉਪ-ਧਾਰਾ (4) ਅਧੀਨ ਕੀਤੀ ਗਈ ਨਿਰੀਖਣ ਜਾਂ ਜਾਂਚ ਦੀ ਰਿਪੋਰਟ ਪ੍ਰਾਪਤ ਹੋਣ ਉਪਰਾਂਤ, ਰਾਜ ਸਰਕਾਰ ਉਸ ਦੀ ਜਾਂਚ ਕਰ ਸਕਦੀ ਹੈ ਅਤੇ ਯੂਨੀਵਰਸਿਟੀ ਨੂੰ ਅਜਿਹੇ ਨਿਰਦੇਸ਼ ਦੇ ਸਕਦੀ ਹੈ, ਜਿਹੜੇ ਉਹ ਜ਼ਰੂਰੀ ਸਮਝੇ।

(7) ਉਪ-ਧਾਰਾ (6) ਅਧੀਨ ਦਿੱਤੇ ਗਏ ਨਿਰਦੇਸ਼ ਪ੍ਰਾਪਤ ਹੋਣ ਦੀ ਤਾਰੀਖ਼ ਤੋਂ ਤੀਹ ਦਿਨਾਂ ਦੇ ਅੰਦਰ, ਵਾਈਸ-ਚਾਂਸਲਰ ਯੂਨੀਵਰਸਿਟੀ ਵੱਲੋਂ ਉਨ੍ਹਾਂ ਨਿਰਦੇਸ਼ਾਂ ਦੀ ਪਾਲਣਾ ਵਿੱਚ ਕੀਤੀ ਗਈ ਕਾਰਵਾਈ ਬਾਰੇ ਰਾਜ ਸਰਕਾਰ ਨੂੰ ਸੂਚਿਤ ਕਰੇਗਾ।

(8) ਉਪ-ਧਾਰਾ (7) ਵਿੱਚ ਨਿਰਧਾਰਤ ਅਵਧੀ ਦੀ ਸਮਾਪਤੀ ਉਪਰਾਂਤ, ਰਾਜ ਸਰਕਾਰ ਵਾਈਸ-ਚਾਂਸਲਰ ਵੱਲੋਂ ਭੇਜੇ ਗਏ ਸੂਚਨਾ ਪੱਤਰ ‘ਤੇ, ਜੇਕਰ ਕੋਈ ਹੋਵੇ, ਵਿਚਾਰ ਕਰਨ ਉਪਰਾਂਤ, ਯੂਨੀਵਰਸਿਟੀ ਨੂੰ ਅਜਿਹੇ ਹੋਰ ਨਿਰਦੇਸ਼ ਜਾਰੀ ਕਰ ਸਕਦੀ ਹੈ, ਜਿਹੜੇ ਉਹ ਜ਼ਰੂਰੀ ਸਮਝੇ, ਅਤੇ ਯੂਨੀਵਰਸਿਟੀ ਉਨ੍ਹਾਂ ਦੀ ਪਾਲਣਾ ਕਰਨ ਲਈ ਬੱਝੀ ਹੋਵੇਗੀ।

ਪ੍ਰਸਤਾਵ ਦੀ ਰਾਜ ਸਰਕਾਰ ਨੂੰ ਸੂਚਨਾ।

**26.** ਯੂਨੀਵਰਸਿਟੀ ਵੱਲੋਂ ਪਾਸ ਕੀਤਾ ਗਿਆ ਹਰ ਪ੍ਰਸਤਾਵ, ਉਸ ਦੇ ਪਾਸ ਹੋਣ ਦੀ ਤਾਰੀਖ਼ ਤੋਂ ਤੀਹ ਦਿਨਾਂ ਦੇ ਅੰਦਰ, ਰਾਜ ਸਰਕਾਰ ਨੂੰ ਭੇਜਿਆ ਜਾਵੇਗਾ।

**27.** ਜੇਕਰ ਰਾਜ ਸਰਕਾਰ ਦੀ ਰਾਏ ਵਿੱਚ ਯੂਨੀਵਰਸਿਟੀ ਦਾ ਕੋਈ ਪ੍ਰਸਤਾਵ ਜਨਹਿਤ ਵਿੱਚ ਨਾ ਹੋਵੇ ਜਾਂ ਇਸ ਐਕਟ ਜਾਂ ਇਸ ਦੇ ਅਧੀਨ ਬਣਾਈਆਂ ਗਈਆਂ ਵਿਨਿਯਮਾਂ ਦੇ ਅਨੁਕੂਲ ਨਾ ਹੋਵੇ, ਤਾਂ ਰਾਜ ਸਰਕਾਰ ਲਿਖਤੀ ਹੁਕਮ ਦੁਆਰਾ ਉਸ ਪ੍ਰਸਤਾਵ ਦੇ ਲਾਗੂ ਕਰਨ ਨੂੰ ਮੁਅੱਤਲ ਕਰ ਸਕਦੀ ਹੈ:

ਯੂਨੀਵਰਸਿਟੀ ਦੇ ਪ੍ਰਸਤਾਵ ਨੂੰ ਮੁਅੱਤਲ ਜਾਂ ਰੱਦ ਕਰਨ ਸੰਬੰਧੀ ਰਾਜ ਸਰਕਾਰ ਦੇ ਅਧਿਕਾਰ।

ਬਸ਼ਰਤੇ ਜਿਸ ਪ੍ਰਸਤਾਵ ਦੇ ਲਾਗੂ ਕਰਨ ਨੂੰ ਰਾਜ ਸਰਕਾਰ ਵੱਲੋਂ ਮੁਅੱਤਲ ਕੀਤਾ ਗਿਆ ਹੋਵੇ, ਉਸ ਨੂੰ ਯੂਨੀਵਰਸਿਟੀ ਨੂੰ ਆਪਣਾ ਪੱਖ ਸਪਸ਼ਟ ਕਰਨ ਲਈ ਉਚਿਤ ਮੌਕਾ ਦਿੱਤੇ ਬਿਨਾਂ ਰੱਦ ਨਹੀਂ ਕੀਤਾ ਜਾਵੇਗਾ।

**28.** ਰਾਜ ਸਰਕਾਰ ਯੂਨੀਵਰਸਿਟੀ ਨੂੰ ਅਜਿਹੇ ਨਿਰਦੇਸ਼ ਜਾਰੀ ਕਰ ਸਕਦੀ ਹੈ, ਜਿਹੜੇ ਉਸ ਦੀ ਰਾਏ ਵਿੱਚ ਇਸ ਐਕਟ ਜਾਂ ਇਸ ਦੇ ਅਧੀਨ ਬਣਾਈਆਂ ਗਈਆਂ ਵਿਨਿਯਮਾਂ ਦੇ ਉਦੇਸ਼ਾਂ ਨੂੰ ਲਾਗੂ ਕਰਨ ਲਈ ਜ਼ਰੂਰੀ ਜਾਂ ਉਚਿਤ ਹੋਣ, ਅਤੇ ਯੂਨੀਵਰਸਿਟੀ ਉਨ੍ਹਾਂ ਸਾਰੇ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਬੱਝੀ ਹੋਵੇਗੀ।

ਨਿਰਦੇਸ਼ ਜਾਰੀ ਕਰਨ ਸੰਬੰਧੀ ਰਾਜ ਸਰਕਾਰ ਦਾ ਅਧਿਕਾਰ।

**29.** ਜੇਕਰ ਯੂਨੀਵਰਸਿਟੀ ਦੀ ਸਥਾਪਨਾ ਨਾਲ ਸੰਬੰਧਿਤ ਜਾਂ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਦੀ ਪਹਿਲੀ ਮੀਟਿੰਗ ਨਾਲ ਸੰਬੰਧਿਤ ਜਾਂ ਇਸ ਐਕਟ ਦੀਆਂ ਵਿਵਸਥਾਵਾਂ ਨੂੰ ਪਹਿਲੇ ਪੜਾਅ ‘ਤੇ ਲਾਗੂ ਕਰਨ ਵਿੱਚ ਕੋਈ ਮੁਸ਼ਕਲ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਕਿਸੇ ਵੀ ਸਮੇਂ, ਜਦ ਤੱਕ ਯੂਨੀਵਰਸਿਟੀ ਦੀ ਕੋਈ ਅਥਾਰਟੀ ਬਣਾਈ ਨਾ ਗਈ ਹੋਵੇ, ਹੁਕਮ ਰਾਹੀਂ ਅਜਿਹੀ ਨਿਯੁਕਤੀ ਕਰ ਸਕਦੀ ਹੈ ਜਾਂ ਅਜਿਹਾ ਕੋਈ ਕੰਮ ਕਰ ਸਕਦੀ ਹੈ, ਜੋ ਇਸ ਐਕਟ ਦੀਆਂ ਵਿਵਸਥਾਵਾਂ ਦੇ ਅਨੁਕੂਲ ਹੋਵੇ ਅਤੇ ਜੋ ਉਸਨੂੰ ਮੁਸ਼ਕਲ ਦੂਰ ਕਰਨ ਲਈ ਜ਼ਰੂਰੀ ਜਾਂ ਉਚਿਤ ਪ੍ਰਤੀਤ ਹੋਵੇ।

ਹਰ ਅਜਿਹਾ ਹੁਕਮ ਅਜਿਹਾ ਪ੍ਰਭਾਵ ਰੱਖੇਗਾ, ਜਿਵੇਂ ਉਹ ਨਿਯੁਕਤੀ ਜਾਂ ਕਾਰਵਾਈ ਇਸ ਐਕਟ ਅਨੁਸਾਰ ਕੀਤੀ ਗਈ ਹੋਵੇ।

ਮੁਸ਼ਕਲਾਂ ਦੂਰ ਕਰਨ ਲਈ ਰਾਜ ਸਰਕਾਰ ਦਾ ਅਧਿਕਾਰ।

**30.** (1) ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ ਆਰਡੀਨੈਂਸ, 2014 (ਪੰਜਾਬ ਆਰਡੀਨੈਂਸ ਨੰਬਰ 4 ਸਨ 2014) ਨੂੰ ਇੱਥੇ ਰੱਦ ਕੀਤਾ ਜਾਂਦਾ ਹੈ।

ਰੱਦਗੀ ਅਤੇ ਬਚਾਵੀ ਪ੍ਰਬੰਧ।

(2) ਇਸ ਤਰ੍ਹਾਂ ਦੀ ਰੱਦਗੀ ਦੇ ਬਾਵਜੂਦ, ਉਪ-ਧਾਰਾ (1) ਵਿੱਚ ਦਰਸਾਏ ਗਏ ਆਰਡੀਨੈਂਸ ਅਧੀਨ ਕੀਤਾ ਗਿਆ ਕੋਈ ਵੀ ਕੰਮ ਜਾਂ ਲਈ ਗਈ ਕੋਈ ਵੀ ਕਾਰਵਾਈ, ਇਸ ਐਕਟ ਦੀਆਂ ਸੰਬੰਧਤ ਵਿਵਸਥਾਵਾਂ ਅਧੀਨ ਕੀਤੀ ਜਾਂ ਲਈ ਗਈ ਮੰਨੀ ਜਾਵੇਗੀ।

**ਹ. ਪੀ. ਐਸ. ਮਹਲ**

ਸਕੱਤਰ, ਪੰਜਾਬ ਸਰਕਾਰ,

ਕਾਨੂੰਨੀ ਅਤੇ ਵਿਧਾਨਕ ਕਾਰ ਵਿਹਾਰ ਵਿਭਾਗ।